ਸ਼ਮਸ਼ੇਰ ਸਿੰਘ ਅਸ਼ੋਕ —

# ਪੰਜਾਬੀ ਵਿਚ ਸ਼ਬਦ-ਸਿਰਜਨ ਦੀ ਸਮੱਸਿਆ

( ੧ )

ਕਿਸੇ ਵੀ ਬੋਲੀ ਵਿਚ, ਜਿਸ ਨੇ ਸਾਹਿੱਤਕ ਪਿੜ ਮੱਲਣਾ ਹੋਵੇ, ਸ਼ਬਦ-ਸਿਰਜਨ ਦੀ ਸਮੱਸਿਆ ਇਕ ਖਾਸ ਮਹਾਨਤਾ ਰਖਦੀ ਹੈ । ਸਾਡੀ ਮਾਤ-ਭਾਸ਼ਾ ਪੰਜਾਬੀ ਨੇ ਸਾਹਿੱਤਕ ਮੰਜ਼ਲ ਪਰ ਅਪੜਨ ਲਈ ਅਜੇ ਥੋੜੀਆਂ ਹੀ ਉਲਾਂਘਾਂ ਪੁੱਟੀਆਂ ਹਨ, ਤੇ ਇਹ, ਦੇਸ਼ ਆਜ਼ਾਦ ਹੋਣ ਤੇ, ਭਾਰਤੀ ਸੰਵਿਧਾਨ ਦੇ ਅਨੁਸਾਰ ਰਾਜ-ਭਾਸ਼ਾ ਬਣਨ ਕਰਕੇ ਇਥੋਂ ਦੀਆਂ ੧੪ ਜ਼ਬਾਨਾਂ ਵਿਚ ਬੜਾ ਮੁਮਤਾਜ਼ ਦਰਜਾ ਰਖਦੀ ਹੈ, ਇਸ ਲਈ ਇਸ ਸੰਬੰਧ ਵਿਚ ਇਹ ਸਮੱਸਿਆ ਹੋਰ ਵੀ ਅਹਿਮੀਅਤ ਰਖਦੀ ਹੈ । ਪ੍ਰਾਚੀਨ ਸ਼ਬਦ-ਸ਼ਾਸਤ੍ਰਕਾਰਾਂ ਨੇ ਸ਼ਬਦ-ਸਿਰਜਨ ਦੀ ਸਮੱਸਿਆ ਨੂੰ ਵਿਗਿਆਨਕ ਢੰਗ ਨਾਲ ਹੱਲ ਕਰਨ ਲਈ ਪਹਿਲਾਂ ਹਰੇਕ ਅੱਖਰ ਤੇ ਸ਼ਬਦ ਨੂੰ ਸਾਰਥਕ ਮੰਨ ਕੇ ਬ੍ਰਹਮ ਰੂਪ* ਕਲਪਿਆ ਹੈ ਤੇ ਫੇਰ ਉਸ ਦੀ ਉਪਯੋਗਤਾ ਅਥਵਾ ਅਰਥ-ਸ਼ਕਤੀ ਦਾ ਵਿਧੀ ਪੂਰਵਕ ਵਿਵੇਚਨ ਕੀਤਾ ਹੈ । ਵੇਦ, ਬ੍ਰਾਹਮਣ ਆਦਿ ਗ੍ਰੰਥ ਤਾਂ ਅੱਖਰ ਅਤੇ ਸਬਦ ਨੂੰ ਨਾ ਕੇਵਲ ਬ੍ਰਹਮ ਰੂਪ ਹੀ ਮੰਨਦੇ ਹਨ, ਸਗੋਂ ਇਨ੍ਹਾਂ ਤੋਂ ਉਪਜੀ ਵਾਕ-ਸ਼ਕਤੀ ਨੂੰ ਉਹ ਇਸ ਸੰਸਾਰ ਦੀ ਉਤਪੱਤੀ ਦਾ ਮੂਲ ਕਾਰਣ ਵੀ ਮੰਨਦੇ ਹਨ । ਇਸੇ ਕਰਕੇ ਕਿਸੇ ਸ਼ਬਦ-ਅੱਖਰ ਦੇ ਅਨੇਕ ਰੂਪਾਂ ਵਿਚ ਵਰਤੀਣ ਤੋਂ ਪਹਿਲਾਂ ਉਸ ਦੇ ਮੁੱਢ ਨੂੰ ਪਛਾਣਨਾ ਸਾਡੇ ਲਈ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ।

ਪ੍ਰਾਚੀਨ ਰਿਸ਼ੀ-ਵਿਦਵਾਨਾਂ ਦੇ ਕਥਨ ਅਨੁਸਾਰ ਇਹ ਕੇਵਲ ਸ਼ਬਦ-ਸ਼ਕਤੀ ਹੀ ਹੈ, ਜਿਸ ਨੇ ਅਨੇਕ ਰੂਪ ਧਾਰ ਕੇ ਅਤੇ ਬਹੁ-ਰੂਪ ਰੰਗਾਂ ਵਿਚ ਵਰਤ ਕੇ ਸਾਰੇ ਵਿਸ਼੍ਵ ਨੂੰ ਏਕਤਾ ਦੇ ਸੂਤ੍ਰ ਵਿਚ ਪਰੋ ਰਖਿਆ ਹੈ । ਆਚਾਰਜ ਯਾਸਕ ਨੇ ਇਸੇ ਲਈ ਨਿਰੁਕਤ ਵਿਚ ਸ਼ਬਦ ਦੀ ਬੜੀ ਮਹਿਮਾ ਲਿਖੀ ਹੈ ਤੇ ਮਹਾਭਾਸ਼ਜ-ਕਾਰ ਪਤੰਜਲੀ ਨੇ ਤਾਂ ਸ਼ਬਦ-ਸ਼ਾਸ਼ਤ੍ਰ ਨੂੰ ਇਕ ਵੱਖਰਾ ਦਾਰਸ਼ਨਿਕ ਰੂਪ ਹੀ ਦੇ ਦਿੱਤਾ ਹੈ । ਸੰਸਕ੍ਰਿਤ

---

* ਅਖਰ ਨਾਨਕ ਅਖਿਓ ਆਪ । ਲਹੈ ਭ੍ਰਾਂਤਿ ਹੋਵੈ ਜਿਸੁ ਦਾਤ ।

(ਵਾਰ ਮਾਝ ਮ: ੧)



Sri Satguru Jagjit Singh Ji eLibrary NamdhariElibrary@gmail.com

ਵਿਆਕਰਣ ਵਿਚ ਸ਼ਕਤੀ-ਵਾਦ ਤੇ ਵਜੁਤਪੱਤੀਵਾਦ ਇਸੇ ਗੰਭੀਰ ਵਿਚਾਰਕ ਦ੍ਰਿਸ਼ਟੀ-ਕੋਣ ਦੀ ਉਪਜ ਹਨ। ਸਿੱਖ ਗੁਰੂਆਂ ਨੇ ਵੀ ਆਪਣੀ ਬਾਣੀ ਵਿਚ, ਜਿਵੇਂ ਕਿ ਉਸ ਦਾ ਪਾਠ ਕਰਨ ਤੋਂ ਪਤਾ ਲੱਗਦਾ ਹੈ, ਸ਼ਬਦ-ਸ਼ਕਤੀ ਨੂੰ ਵਿਸ਼੍ਵ-ਕਲਯਾਣ ਦਾ ਮੁੱਢ ਤੇ ਆਤਮਿਕ ਬਲ ਦਾ ਸੋਮਾ ਸਮਝ ਕੇ ਇਸ ਦੀ ਸਿਫ਼ਤ-ਸਲਾਹੁ ਕੀਤੀ ਹੈ। ਇਸ ਸੰਬੰਧ ਵਿਚ ਗੁਰਬਾਣੀ ਦੇ ਕੁਝ ਕੁ ਉਦਾਹਰਣ ਇਹ ਹਨ —

੧. ਸਬਦੁ ਗੁਰੂ ਸੁਰਤਿ ਧੁਨਿ ਚੇਲਾ।

(ਰਾਮਕਲੀ, ਸਿਧ ਗੋਸਟਿ, ਮ: ੧)

੨. ਸਬਦੁ ਸੁਰਤਿ ਬਿਨੁ ਆਈਐ ਜਾਈਐ। (ਮਾਰੂ ਮਹਲਾ ੧)

੩. ਸਬਦੁ ਚੀਨਿ ਤਿਖ ਉਤਰੈ ਮੰਨਿ ਲੈ ਰਜਾਇ।

(ਸਲੋਕ ਵਾਰਾਂ ਤੇ ਵਧੀਕ ਮਹਲਾ ੩)

੪. ਸਬਦੇ ਸੇਵੈ ਸੋ ਜਨੁ ਧ੍ਰਾਪੈ। (ਮਾਰੂ ਮਹਲਾ ੩)

੫. ਸਬਦੁ ਨ ਜਾਣਹਿ ਸੇ ਅੰਨੇ ਬੋਲੇ, ਸੇ ਕਿਤ ਆਏ ਸੰਸਾਰਾ।

(ਸੋਰਠਿ ਮਹਲਾ ੩)

੬. ਸਬਦੁ ਅਖੁਟੁ ਬਾਬਾ ਨਾਨਕਾ ਖਾਹਿ ਖਰਚਿ ਧਨੁ ਮਾਲੁ।

(ਸਲੋਕ ਮਹਲਾ ੫)

ਹੁਣ ਲਓ ਇਸ ਸੰਬੰਧ ਵਿਚ ਲੌਕਿਕ ਹਵਾਲੇ, ਜੋ ਅਖਾਣਾਂ ਦੇ ਰੂਪ ਵਿਚ ਸ਼ਬਦ-ਸ਼ਕਤੀ ਦੀ ਮਹਿਮਾ ਦਸਦੇ ਹੋਏ ਸਾਨੂੰ ਪੇਂਡੂ ਲੋਕਾਂ ਪਾਸੋਂ ਮਿਲਦੇ ਹਨ, ਜਿਵੇਂ :-

੧. ਗੱਲ ਕਹਿੰਦੀ ਹੈ, ਤੂੰ ਮੈਨੂੰ ਜ਼ਰਾ ਮੂੰਹੋਂ ਕਢ, ਫੇਰ ਵੇਖ ਮੈਂ ਕੀ ਸੁਆਦ ਦਿਖਾਉਂਦੀ ਹਾਂ।

੨. ਕਰਿਆੜ-ਪੁਤ੍ਰ ਪਹਿਲਾਂ ਗੱਲ ਕਰਨੀ ਸਿਖਦੈ, ਤੇ ਫੇਰ ਘਰ ਥੀਂ ਨਿਕਲ ਵੈਂਦੈ।

( ੨ )

ਸ਼ਬਦ, ਜਿਨ੍ਹਾਂ ਦੀ ਏਨੀ ਮਹਿਮਾ ਕੀਤੀ ਗਈ ਹੈ, ਬੋਲੀ ਦੇ ਨੁਕਤਾ-ਨਿਗਾਹ ਤੋਂ ਚਾਰ ਪ੍ਰਕਾਰ ਦੇ ਹਨ— (੧) ਤਤਸਮ, (੨) ਤਦਭਵ, (੩) ਦੇਸ਼ੀ ਅਤੇ (੪) ਵਿਦੇਸ਼ੀ। ਤੇ ਵਿਆਕਰਣ ਦੇ ਪਹਿਲੂ ਤੋਂ ਯਾਸਕ ਦੇ ਮਤ ਅਨੁਸਾਰ ਸ਼ਬਦਾਂ ਦੀ ਵੰਡ ਇਹ ਹੈ— (੧) ਨਾਮ, (੨) ਆਖਯਾਤ (ਕ੍ਰਿਆ), (੩) ਉਪਸਰਗ (ਆਦਿ ਮਾਤ੍ਰਾਂ) ਅਤੇ (੪) ਨਿਪਾਤ (ਅਵਯਯ)। ਇਸੇ ਕਰ ਕੇ ਯਾਸਕ ਨੇ ਨਿਰੁਕਤ ਦੇ ਮੁੱਢ ਵਿਚ "ਨਾਮਾਖਯਾਤੇ" ਅਤੇ "ਉਪਸਰਗ ਨਿਪਾਤਾ :" ਲਿਖ ਕੇ ਇਨ੍ਹਾਂ ਸ਼ਬਦਾਂ ਨੂੰ



Sri Satguru Jagjit Singh Ji eLibrary NamdhariElibrary@gmail.com

ਦੋ ਦੋ ਦ੍ਵੰਦ੍ਵ ਸਮਾਸਾਂ ਦੇ ਜੁੱਟ ਵਿਚ ਜੋੜ ਦਿੱਤਾ ਹੈ । ਕਾਰਣ ਇਸ ਜੁਟਬੰਦੀ ਦਾ ਬਹੁਤਾ ਇਹੋ ਹੈ ਕਿ ਨਾਮ ਅਤੇ ਆਖਜਾਤ (ਕ੍ਰਿਆ) ਪਰਸਪਰ ਸਹਿਯੋਗੀ ਹਨ, ਕਿਉਂਕਿ ਇਨ੍ਹਾਂ ਵਿਚੋਂ ਕਿਸੇ ਇਕ ਦੀ ਵਰਤੋਂ ਨਾਲ ਕੋਈ ਵੀ ਗੱਲ ਪੂਰੀ ਨਹੀਂ ਹੁੰਦੀ, ਤੇ ਜੇ ਦੋਵੇਂ ਸ਼ਬਦ ਮੋਢੇ ਨਾਲ ਮੋਢਾ ਡਾਹ ਕੇ ਜੁੜਨ ਤਦ ਹੀ ਕੋਈ ਵਾਕ ਪੂਰਾ ਬਣਦਾ ਹੈ । ਇਸੇ ਤਰ੍ਹਾਂ ਇਸ ਤੋਂ ਅੱਗੇ, ਜਿਵੇਂ ਕਿ ਨਿਰੁਕਤਕਾਰ ਦਾ ਕਥਨ ਹੈ, ਇਨ੍ਹਾਂ ਸ਼ਬਦਾਂ ਨਾਲ ਉਪਸਰਗ (ਆਦਿ ਮਾਤ੍ਰਾਂ) ਤੇ ਨਿਪਾਤ (ਅਵਜਯ) ਜੁੜ ਕੇ ਪੂਰੇ ਅਰਥ-ਭਾਵ ਦਾ ਬੋਧਨ ਕਰਦੇ ਹਨ ਜਿਸ ਕਰ ਕੇ ਕ੍ਰਮ-ਅਨੁਸਾਰ ਇਨ੍ਹਾਂ ਸ਼ਬਦਾਂ ਦਾ ਦਰਜਾ ਇਕ ਦੂਜੇ ਤੋਂ ਬਾਦ ਰੱਖਿਆ ਗਇਆ ਹੈ ।

ਯਾਸਕ ਨੇ ਨਿਰੁਕਤ ਵਿਚ ਭਾਵੇਂ ਪਹਿਲਾਂ ਨਾਮ ਨੂੰ ਆਖਜਾਤ (ਕ੍ਰਿਆ) ਦੇ ਮੁਕਾਬਲੇ ਤੇ ਅੱਵਲ ਦਰਜੇ ਉਤੇ ਰੱਖਿਆ ਹੈ, ਪਰ ਥੋੜਾ ਕੁ ਅੱਗੇ ਜਾ ਕੇ ਹੀ ਇਹ ਕਹਿ ਕੇ ਕਿ ਨਾਮ ਦੀ ਆਖਜਾਤ (ਕ੍ਰਿਆ) ਤੋਂ ਬਿਨਾ ਕੋਈ ਮਹਾਨਤਾ ਨਹੀਂ ਹੈ, ਅਚਾਨਕ ਲਾੜੇ ਲਾੜੀ ਵਾਂਗੂ ਦੋਹਾਂ ਦੇ ਖਾਰੇ ਬਦਲ ਦਿੱਤੇ ਹਨ । ਕਾਰਣ ਇਸ ਦਾ ਯਾਸਕ ਨੇ ਇਹੋ ਦੱਸਿਆ ਹੈ ਕਿ ਆਖਜਾਤ (ਕ੍ਰਿਆ) ਵਿਚ ਕਿਸੇ ਨ ਕਿਸੇ ਭਾਵ ਦੀ ਪ੍ਰਧਾਨਤਾ ਹੁੰਦੀ ਹੈ ਤੇ ਨਾਮ ਨੂੰ ਦ੍ਰਵਜ ਨਾਲ ਸੰਬੰਧਿਤ ਹੋਣ ਕਰ ਕੇ ਹਮੇਸ਼ਾ ਆਖਜਾਤ (ਕ੍ਰਿਆ) ਦੇ ਅਧੀਨ ਹੋ ਕੇ ਚੱਲਣਾ ਪੈਂਦਾ ਹੈ, ਇਸ ਲਈ ਨਾਮ ਸੁਤੰਤ੍ਰ ਨਹੀਂ, ਸਗੋਂ ਪਰਤੰਤ੍ਰ ਹੈ, ਜਿਵੇਂ—'ਰਾਮ ਜਾਂਦਾ ਹੈ । ਰਾਮ ਰੋਟੀ ਖਾਂਦਾ ਹੈ ।' ਵਿਚ 'ਜਾਣਾ' ਤੇ 'ਖਾਣਾ' ਕ੍ਰਿਆਵਾਂ ਵੱਖੋ ਵੱਖ ਵਪਾਰ ਦੀਆਂ ਸੂਚਕ ਹਨ । ਇਕੱਲੇ 'ਰਾਮ' ਤੋਂ, ਜੇ ਏਥੇ ਉਸ ਨਾਲ ਕ੍ਰਿਆ ਦਾ ਸੰਬੰਧ ਨਾ ਹੋਵੇ, ਨਾ ਤਾਂ ਜਾਣਾ ਹੀ ਸੰਭਵ ਹੈ ਤੇ ਨਾ ਹੀ ਖਾਣਾ । ਇਸ ਤਰ੍ਹਾਂ ਨਾਮ ਆਖਜਾਤ ਭਾਵ ਕ੍ਰਿਆ ਅਗੇ ਨਮਦਾ ਅਥਵਾ ਨਿਉਂਦਾ ਹੈ, ਇਸ ਲਈ ਉਸ ਦੀ 'ਨਾਮ' ਸੰਗਯਾ ਹੈ । ਕ੍ਰਿਆ ਤੋਂ ਇਲਾਵਾ ਨਾਮ ਦੀ ਸਹਾਇਤਾ ਲਈ ਉਪਸਰਗ ਤੇ ਨਿਪਾਤ (ਅਵਜਯ), ਜੋ ਇਕ ਪ੍ਰਕਾਰ ਦੇ ਹੱਥ ਬੱਧੇ ਗ਼ੁਲਾਮ ਹਨ, ਹਮੇਸ਼ਾ ਤਤਪਰ ਰਹਿੰਦੇ ਹਨ ਤੇ ਵਾਕ-ਰਚਨਾ ਵਿਚ ਅੱਠ ਵਿਭਕਤੀਆਂ ਜਾਂ ਕਾਰਕ ਨਾਮ ਦੇ ਅਨੁਸਾਰੀ ਹੋ ਕੇ ਕੰਮ ਕਰਦੇ ਹਨ । ਇਸ ਹਾਲਤ ਵਿਚ ਵੀ ਨਾਮ ਭਾਵੇਂ ਕਰਤਾ ਦੇ ਫ਼ਰਜ਼ ਭੁਗਤਾਉਂਦਾ ਹੈ, ਪਰ ਉਹ ਸਦਾ ਆਖਜਾਤ (ਕ੍ਰਿਆ) ਦੇ ਅਧੀਨ ਹੀ ਰਹਿੰਦਾ ਹੈ । ਇਸਤਰ੍ਹਾਂ ਇਸ ਧਨ-ਪਿਰ ਦੇ ਮੇਲ ਨਾਲ ਸਾਰੀ ਵਾਕ-ਰਚਨਾ ਮੁਕੰਮਲ ਹੁੰਦੀ ਹੈ ।

## ( ੩ )

ਹਰ ਤਰ੍ਹਾਂ ਦੇ ਸ਼ਬਦ, ਚਾਹੇ ਉਹ ਇਕਹਿਰੇ ਹੋਣ ਜਾਂ ਸਮਾਸੀ ਜਿਵੇਂ ਕਿ ਪਹਿਲਾਂ ਇਸ਼ਾਰੇ ਵਜੋਂ ਦੱਸਿਆ ਗਿਆ ਹੈ, ਆਪੋ ਆਪਣੇ ਵਿੱਤ ਮੂਜਬ ਸਾਰਥਕ ਹੀ ਹੁੰਦੇ ਹਨ, ਤੇ ਉਨ੍ਹਾਂ ਦੇ ਅਰਥ ਵੀ ਕਈ ਵੇਰ ਇਕ ਨਾ ਰਹਿਕੇ ਵੱਖੋ ਵੱਖ



Sri Satguru Jagjit Singh Ji eLibrary NamdhariElibrary@gmail.com

ਵਿਸ਼ਿਆਂ ਦੀ ਵਰਤੋਂ ਅਨੁਸਾਰ ਅਨੇਕ ਬਣ ਜਾਂਦੇ ਹਨ। ਭਰਤ੍ਰੀ ਹਰੀ ਦੇ ਕਥਨ ਅਨੁਸਾਰ ਸੰਸਾਰ ਦਾ ਸਾਰਾ ਹੀ ਗਿਆਨ ਚੂੰਕਿ ਸ਼ਬਦ ਮੂਲ ਹੈ ਤੇ ਉਹ ਗਿਆਨ ਬਹੁਪੱਖੀ ਹੈ, ਇਸ ਲਈ ਇਕੋ ਸ਼ਬਦ ਦੇ ਅਰਥ ਕਿਤੇ ਕੁਝ ਹੋਰ ਹੁੰਦੇ ਹਨ ਤੇ ਕਿਸੇ ਹੋਰ ਥਾਵੇਂ ਕੁਝ ਹੋਰ। ਸ੍ਰੀ ਕਪਿਲ ਦੇਵ ਦ੍ਵਿਵੇਦੀ ਨੇ 'ਅਰਥ ਵਿਗਯਾਨ ਔਰ ਵ੍ਯਾਕਰਣ' ਨਾਮੀ ਪੁਸਤਕ ਵਿਚ ਸ਼ਬਦ-ਅਰਥ ਦੀਆਂ ਮੁਖ ਚਾਰ ਕਿਸਮਾਂ ਲਿਖੀਆਂ ਹਨ— (੧) ਜਾਤੀ ਵਾਚਕ, (੨) ਗੁਣ ਵਾਚਕ, (੩) ਕ੍ਰਿਆ ਵਾਚਕ ਅਤੇ (੪) ਦ੍ਰਵ੍ਯ ਵਾਚਕ। ਪ੍ਰਾਚੀਨ ਸਮੇਂ ਦੇ ਪ੍ਰਸਿੱਧ ਸ਼ਬਦ ਵਿਗਿਆਨੀ ਭਰਤ੍ਰੀ ਹਰੀ ਨੇ ਵਾਕ੍ਯ ਪ੍ਰਦੀਪ ਵਿਚ 'ਅਰਥ ਨਿਰਾਕਾਰ ਹੈ, ਅਰਥ ਸਾਕਾਰ ਹੈ' ਆਦਿ ਵਾਕ ਕਹਿਕੇ ਅਰਥ ਸਾਧਨ ਦੇ ੧੨ ਭੇਦ ਅਤੇ ਪੁਣ੍ਯਰਾਜ ਨੇ ਵਸਤੁ ਮਾਤ੍ਰ, ਅਵਿਧੇਯ ਸ਼ਾਸਤ੍ਰੀਯ, ਲੌਕਿਕ, ਮੁਖ੍ਯ ਆਦਿ ੧੮ ਪ੍ਰਕਾਰ ਦੇ ਅਰਥ-ਭੇਦ ਦੱਸੇ ਹਨ, ਪਰ ਜੇ ਇਸ ਫੈਲਾਉ ਨੂੰ ਇਕ ਪਾਸੇ ਰੱਖ ਕੇ ਕੁਝ ਬਾਰੀਕੀ ਨਾਲ ਦੇਖਿਆ ਜਾਵੇ ਤਾਂ ਅਰਥ-ਸਾਧਨ ਦੀਆਂ ਕੇਵਲ ਤਿਨ ਕਿਸਮਾਂ ਹੀ ਬਾਕੀ ਰਹਿ ਜਾਂਦੀਆਂ ਹਨ— (੧) ਸਾਧਾਰਣ ਅਥਵਾ ਲੌਕਿਕ, (੨) ਗੂੜ੍ਹ ਅਰਥ, ਜੋ ਸ਼ਬਦਾਂ ਦੀ ਵ੍ਯੁਤਪੱਤੀ ਅਥਵਾ ਚੀਰ ਫਾੜ ਦੱਸਕੇ ਸ਼ਾਸਤ੍ਰ ਦੀ ਰੀਤੀ ਅਨੁਸਾਰ ਕੀਤਾ ਜਾਵੇ ਅਤੇ (੩) ਕਾਲਪਨਿਕ ਅਰਥ। ਇਹ ਤਿੰਨੇ ਹੀ ਅਰਥ-ਸਾਧਨ, ਜਿਨ੍ਹਾਂ ਦਾ ਕੁਝ ਕੁ ਵੇਰਵਾ ਅੱਗੇ ਜਾ ਕੇ ਦਿੱਤਾ ਜਾਵੇਗਾ, ਕ੍ਰਮ ਅਨੁਸਾਰ ਸਰਲ, ਕਠਿਨ ਅਤੇ ਰੂਢ ਨਾਮਕ ਤਿੰਨ ਦਰਜਿਆਂ ਨਾਲ ਸੰਬੰਧ ਰਖਦੇ ਹਨ। ਅੰਤਲੇ ਕਲਪਨ੍ਹਾ ਪ੍ਰਸੂਤ ਸ਼ਬਦ-ਅਰਥਾਂ ਵਿੱਚ, ਸਾਡੀਆਂ ਨਵੀਆਂ ਪੁਰਾਣੀਆ ਸੰਕੇਤਾਵਲੀਆਂ ਵੀ, ਜਿਨ੍ਹਾਂ ਨੂੰ ਅਸੀਂ ਟਰਮਜ਼ 'Terms' ਦਾ ਨਾਮ ਦਿੰਦੇ ਹਾਂ, ਆ ਜਾਂਦੀਆਂ ਹਨ। ਸੰਸਕ੍ਰਿਤ ਵਿਚ ਇਨ੍ਹਾਂ ਨੂੰ ਪ੍ਰਤਿਗਯਾ ਗਯਾਪਿਤ ਅਰਥ ਕਿਹਾ ਜਾਂਦਾ ਹੈ।

ਸ਼ਬਦ-ਅਰਥ ਦੀਆਂ ਅੱਗੇ ਚੱਲ ਕੇ ਅਰਥ-ਭੇਦ ਤੋਂ ਬਿਨਾ ਤਿੰਨ ਮੰਜ਼ਲਾਂ ਹੋਰ ਹਨ— (੧) ਅਰਥ-ਵਿਕਾਸ, (੨) ਅਰਥ-ਵਿਸਤਾਰ ਅਤੇ (੩) ਅਰਥ-ਸੰਕੋਚ। ਸ੍ਰੀ ਕਪਿਲ ਦੇਵ ਦ੍ਵਿਵੇਦੀ ਨੇ ਆਪਣੀ ਪੁਸਤਕ 'ਅਰਥ-ਵਿਗਯਾਨ ਔਰ ਵ੍ਯਾਕਰਣ ਦਰਸ਼ਨ' ਵਿਚ ਇਨ੍ਹਾਂ ਉਤੇ ਬੜੀ ਚੰਗੀ ਰੌਸ਼ਨੀ ਪਾਈ ਹੈ ਤੇ ਦੱਸਿਆ ਹੈ ਕਿ ਕਈ ਸ਼ਬਦਾਂ ਦੇ ਅਰਥ ਹਮੇਸ਼ਾ ਸ੍ਥਿਰ ਨਹੀਂ ਰਹਿੰਦੇ। ਸੰਸਕ੍ਰਿਤ ਵਿਚ 'ਗੋ' ਸ਼ਬਦ ਗਮ੍ ਧਾਤੂ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਫਿਰਨਾ, ਤੁਰਨਾ ਜਾਂ ਜਾਣਾ, ਜਿਸ ਕਰਕੇ ਵੈਦਿਕ ਜ਼ਮਾਨੇ ਵਿਚ ਪ੍ਰਿਥਵੀ, ਸੂਰਜ-ਚੰਦ੍ਰ ਦੀਆਂ ਕਿਰਨਾਂ ਆਦਿ ਲਈ ਇਹ ਸ਼ਬਦ ਆਮ ਵਰਤਿਆ ਜਾਂਦਾ ਸੀ, ਪਰ ਪਿਛੋਂ ਗੋ (ਗਊ) ਨਾਮੀ ਜਾਨਵਰ ਦੇ ਨਾਂ ਨਾਲ ਹੀ ਇਹ ਸ਼ਬਦ ਖਾਸ ਤੌਰ ਤੇ ਰੂਢ ਹੋ ਗਿਆ। ਅੱਜ ਕਲ ਪ੍ਰਿਥਵੀ, ਸੂਰਜ-ਚੰਦ੍ਰ ਦੀਆਂ ਕਿਰਨਾਂ ਆਦਿ ਨੂੰ ਗੋ-(ਗਊ) ਸ਼ਬਦ ਨਾਲ ਕੋਈ ਚੇਤੇ ਨਹੀਂ ਕਰਦਾ, ਸਗੋਂ ਸਭ ਲੋਕੀਂ ਗਊ ਨੂੰ ਹੀ ਗਊ ਕਹਿੰਦੇ ਹਨ। ਇਸੇ



Sri Satguru Jagjit Singh Ji eLibrary NamdhariElibrary@gmail.com

ਤਰ੍ਹਾਂ ਪਹਿਲੇ ਪਹਿਲ ਪਸ਼ੂ ਸ਼ਬਦ ਦੀ ਵਰਤੋਂ ਪੁਰਸ਼, ਅਗਨੀ, ਵਾਯੂ, ਸੂਰਜ, ਆਤਮਾ, ਜਜਮਾਨ, ਅੰਨ ਆਦਿ ਦੇ ਅਰਥਾਂ ਵਿਚ ਕੀਤੀ ਜਾਂਦੀ ਸੀ। ਸ਼ਿਵ ਜੀ ਚੂੰਕਿ ਬਹੁਤ ਸਾਰੇ ਭਗਤ ਪੁਰਸ਼ਾਂ ਦੇ ਸੁਆਮੀ ਸਨ, ਇਸ ਲਈ ਉਹ ਪਸ਼ੂ-ਪਤੀ ਨਾਥ ਕਹੇ ਜਾਂਦੇ ਹਨ, ਪਰ ਪਿੱਛੋਂ ਇਸ ਸ਼ਬਦ ਦੇ ਅਰਥ ਸਮੇਂ ਦੇ ਫੇਰ ਨਾਲ ਸ਼ਿਵ ਭੋਲੇ ਨਾਥ ਦੇ ਦੇਖਦਿਆਂ ਦੇਖਦਿਆਂ ਹੀ ਅਜਿਹੇ ਬਦਲੇ ਕਿ ਇਹ ਸ਼ਬਦ ਕੇਵਲ ਚੁਪਾਏ ਜਾਨਵਰਾਂ ਦੇ ਨਾਂ ਨਾਲ ਹੀ ਰੂਢ ਹੋ ਗਿਆ। ਹੁਣ ਮਨੁੱਖ ਪਸ਼ੂ ਨਹੀਂ, ਸਗੋਂ ਗਊਆਂ, ਮੱਝਾਂ, ਊਠ ਆਦਿ ਜਾਨਵਰ ਹੀ ਪਸ਼ੂ ਹਨ। ਇਸੇ ਤਰ੍ਹਾਂ ਢੱਕ (ਪਲਾਹ) ਦੇ ਫੁੱਲ ਕੇਸੂ ਕਿਵੇਂ ਬਣ ਗਏ, ਇਹ ਕਿੱਸਾ ਵੀ ਬੜਾ ਦਿਲਚਸਪ ਹੈ। ਵੈਦਿਕ ਜ਼ਮਾਨੇ ਵਿਚ ਕਿਸੇ ਆਰੀਯ ਮਹਾਂਪੁਰਸ਼ ਨੇ, ਜਦ ਕਿ ਉਹ ਮੱਧ ਏਸ਼ੀਆ ਵਿਚੋਂ ਅਜੇ ਸ਼ਾਇਦ ਨਵੇਂ ਨਵੇਂ ਹੀ ਆਏ ਸਨ, ਢੱਕ ਦੇ ਫੁੱਲ ਖਿੜੇ ਦੇਖ ਕੇ ਕਿਹਾ, "ਕਿੰ ਸ਼ੁਕੋ ਨ ?" ਕੀ ਏਥੇ ਤੋਤਾ ਤਾਂ ਨਹੀਂ ਹੈ। ਬੱਸ, ਇਸੇ ਤੋਂ ਸੰਸਕ੍ਰਿਤ ਦਾ 'ਕਿੰਸ਼ੁਕ' ਸ਼ਬਦ ਬਣ ਗਿਆ, ਜਿਸ ਦਾ ਅਪਭ੍ਰੰਸ਼ ਕੇਸੂ ਸ਼ਬਦ ਹੁਣ ਸਾਡੇ ਸਾਹਿੱਤ ਵਿਚ ਮੌਜੂਦ ਹੈ। ਏਥੇ ਹੀ ਬੱਸ ਨਹੀਂ, ਸੰਸਕ੍ਰਿਤ ਦੇ 'ਬੌਧ' ਸ਼ਬਦ ਦਾ ਅਰਥ ਹੈ, ਬੁੱਧ ਦਾ ਚੇਲਾ, ਪਰ ਸਾਡੇ ਮਹਾਂਕਵੀ ਭਾਈ ਵੀਰ ਸਿੰਘ ਨੇ ਰਾਣਾ ਸੂਰਤ ਸਿੰਘ ਵਿਚ "ਬੌਧ ਰਿਖੀ ਜਦ ਸੀਗ ਧਰਮ ਪ੍ਰਚਾਰਿਆ" ਕਹਿ ਕੇ ਇਸ ਨੂੰ ਬੁੱਧ ਦੇ ਨਾਂ ਨਾਲ ਰੂਢ ਕਰ ਦਿੱਤਾ ਹੈ ਤੇ ਏਕਣ ਹੀ ਹਿੰਦੀ ਵਿੱਚੋਂ ਆਏ 'ਵਿਖੇ' ਸ਼ਬਦ ਨੂੰ "ਮਾਨੋ ਕਰ ਇਸਨਾਨ ਪਾਰੇ ਸਰ ਵਿਖੇ" ਲਿਖ ਕੇ 'ਵਿਚ' ਦਾ ਪ੍ਰਯਾਯਵਾਚੀ ਬਣਾ ਦਿਤਾ ਹੈ। ਇਹ ਸ਼ਬਦ ਹੁਣ ਸਚ ਮੁੱਚ ਇਸੇ ਅਰਥ ਵਿਚ ਵਰਤਿਆ ਜਾਂਦਾ ਹੈ। ਇਹ ਹੈ ਸ਼ਬਦਾਂ ਦੇ ਅਰਥ-ਵਿਕਾਸ ਦੀ ਪਹਿਲੀ ਮੰਜ਼ਲ, ਜਿਥੇ ਅੱਪੜ ਕੇ ਉਹ ਸ਼ਬਦ ਜੋ ਪਹਿਲਾਂ ਕਿਸੇ ਹੋਰ ਅਰਥ ਵਿੱਚ. ਵਰਤੇ ਜਾਂਦੇ ਹਨ, ਫੇਰ ਹੋਰਥੇ ਰੂਢ ਹੋ ਕੇ ਕੋਈ ਹੋਰ ਹੀ ਅਰਥ-ਭਾਵ ਧਾਰਣ ਕਰ ਲੈਂਦੇ ਹਨ।

( ੪ )

ਸ਼ਬਦਾਂ ਦੇ ਅਰਥ-ਵਿਕਾਸ ਤੇ ਅਰਥ-ਵਿਸਤਾਰ ਨੂੰ ਜੇ ਰਤਾ ਹੋਰ ਵੀ ਨੇੜਿਓਂ ਹੋ ਕੇ ਦੇਖੀਏ ਤਾਂ ਇਕ ਸ਼ਬਦ ਦੇ ਅਨੇਕ ਅਰਥ ਤੇ ਫੇਰ ਅਗੇ ਉਨ੍ਹਾਂ ਅਰਥਾਂ ਦੇ ਅਰਥ ਹੋਰ ਵੀ ਵਧੇਰੇ ਦਿਲਚਸਪੀ ਦਾ ਕਾਰਣ ਬਣ ਜਾਂਦੇ ਹਨ। ਨਿਰੁਕਤ ਵਿਚ ਯਾਸਕ ਨੇ ਮਨੁੱਖ ਦੇ ਪ੍ਰਯਾਯਵਾਚੀ ੨੫ ਨਾਮ ਤੇ ਇਸ ਦੀਆਂ ਉਂਗਲਾਂ ਦੇ ੨੨ ਨਾਮ ਦਿੱਤੇ ਹਨ, ਪਰ ਉਨ੍ਹਾਂ ਵਿਚੋਂ ਕਿਹੜਾ ਨਾਮ ਕਿੱਥੇ ਵਰਤਣਾ ਜੋਗ ਹੈ, ਇਹ ਗੱਲ ਵਿਦਵਾਨਾਂ ਦੀਆਂ ਲੋੜਾਂ ਉਤੇ ਨਿਰਭਰ ਹੈ, ਕਿਉਂਕਿ ਮਨੁੱਖ ਅਤੇ ਨਰ ਦੇ ਅਰਥ-ਭਾਵ ਤੋਂ ਹੀ ਕੁਝ ਫ਼ਰਕ ਪੈਣਾ ਸ਼ੁਰੂ ਹੋ ਜਾਂਦਾ ਹੈ। ਉਹ ਇਸ ਕਰ ਕੇ ਕਿ ਸਾਰੇ ਹੀ ਸ਼ਬਦਾਂ ਦਾ ਸਿਰਜਨ ਤੇ ਉਨ੍ਹਾਂ ਦੀ ਵਰਤੋਂ ਕਿਸੇ ਨਾ ਕਿਸੇ ਵਿਸ਼ੇਸ਼ ਭਾਵ ਅਨੁਸਾਰ ਲੋਕ-ਪ੍ਰਵ੍ਰਿਤੀ ਨੂੰ ਮੁਖ ਰੱਖ ਕੇ ਹੀ ਹੋਈ ਹੈ। ਕਈ ਸ਼ਬਦ ਰੂਢ ਹੁੰਦੇ ਹਨ ਤੇ ਕਈ ਯੋਗ



Sri Satguru Jagjit Singh Ji eLibrary NamdhariElibrary@gmail.com

ਰੂਢ; ਜਿਵੇਂ—ਕੁਮ੍ਹਾਰ (ਕੁੰਭਕਾਰ) ਸ਼ਬਦ ਮਿੱਟੀ ਦੇ ਕੁੰਭ (ਘੜੇ) ਬਣਾਨ ਵਾਲੇ ਦਾ ਨਾਂ ਹੈ, ਪਰ ਘੜਿਆਂ ਦੇ ਨਾਲ ਹੀ ਕੁਮ੍ਹਾਰ ਤਾਂ ਮਿੱਟੀ ਦੀਆਂ ਪਿਆਲੀਆਂ, ਚੂੰਗੜੇ ਆਦਿ ਵੀ ਬਣਾਉਂਦਾ ਹੈ, ਫਿਰ ਉਸ ਨੂੰ ਪਿਆਲੀਕਾਰ ਜਾਂ ਚੂੰਗੜਾਗਰ ਕੋਈ ਕਿਉਂ ਨਹੀਂ ਕਹਿੰਦਾ ? ਇਸ ਤੋਂ ਇਲਾਵਾ ਠਠੇਰੇ ਵੀ ਪਿੱਤਲ ਦੇ ਘੜੇ : ਗਾਗਰਾਂ, ਦੋਹਣੀਆਂ, ਗੰਗਾ ਸਾਗਰ ਆਦਿ ਬਣਾਉਂਦੇ ਹਨ ਤੇ ਨਾਮ ਵੀ ਉਨ੍ਹਾਂ ਦੇ ਅਕਸਰ ਗਾਗਰ ਮੱਲ, ਸਾਗਰ ਮੱਲ ਆਦਿ ਹੀ ਹੁੰਦੇ ਹਨ, ਪਰ ਉਹ ਕੁਮ੍ਹਾਰ ਨਹੀਂ ਬਣ ਜਾਂਦੇ। ਇਸੇ ਤਰ੍ਹਾਂ ਚਮਾਰ (ਚਰਮਕਾਰ) ਚਮੜੇ ਦਾ ਕੰਮ ਕਰਨ ਵਾਲੇ ਦਾ ਨਾਉਂ ਹੈ, ਪਰ ਚਮੜੇ ਦੇ ਕੰਮ ਦਾ ਵਪਾਰ ਤਾਂ ਬੂਟ ਵੇਚਣ ਵਾਲੇ ਹੋਰ ਜਾਤਾਂ ਦੇ ਲੋਕ ਵੀ ਕਰਦੇ ਹਨ, ਫਿਰ ਉਹ ਚਮਾਰ ਕਿਉਂ ਨਹੀਂ ਕਹੇ ਜਾਂਦੇ। ਏਕਣ ਹੀ ਤ੍ਰਖਾਣ ਤੱਛਕ ਹੋਣ ਕਰ ਕੇ ਗੱਡੇ ਗੱਡੀਆਂ ਆਦਿ ਬਣਾਉਂਦੇ ਹਨ ਪਰ ਉਹ ਰਹਿੰਦੇ ਹਨ ਤ੍ਰਖਾਣ ਹੀ, ਗੱਡੀਆਂ ਵਾਲੇ ਉਨ੍ਹਾਂ ਨੂੰ ਕੋਈ ਨਹੀਂ ਕਹਿੰਦਾ। ਇਸ ਤੋਂ ਮੰਨਣਾ ਪੈਂਦਾ ਹੈ ਕਿ ਜੋ ਨਾਮ ਕਿਸੇ ਨਿਮਿੱਤ ਨਾਲ ਕਿਸੇ ਜਾਤੀ ਦਾ ਟਿਕ ਗਇਆ ਜਾਂ ਉਸ ਨਾਲ ਰੂਢ ਬਣ ਕੇ ਅੱਲ (ਅਖੌਤੀ) ਬਣ ਗਇਆ, ਫੇਰ ਉਸ ਦੀ ਵਜੁਤਪੱਤੀ ਚਾਹੇ ਕੁਝ ਹੋਰ ਹੀ ਹੋਵੇ, ਪਰ ਉਸ ਦਾ ਜਨਮ ਇਕ ਲੋਕ-ਪ੍ਰਵ੍ਰਿਤੀ ਤੋਂ ਹੋਇਆ ਹੋਣ ਕਰ ਕੇ ਉਸ ਨੂੰ ਉਸ ਜਾਤੀ ਜਾਂ ਵਿਅਕਤੀ ਦੇ ਨਾਂ ਨਾਲੋਂ ਤੋੜਿਆ ਨਹੀਂ ਜਾ ਸਕਦਾ।

ਕਈ ਵੇਰ ਕਿਸੇ ਵਿਅਕਤੀ ਦੇ ਨਾਂ ਨਾਲ ਕੋਈ ਅੱਲ ਪੈ ਜਾਂਦੀ ਹੈ ਜਾਂ ਉਸ ਦਾ ਕੋਈ ਉਪਨਾਮ ਟਿਕ ਜਾਂਦਾ ਹੈ ਜਾਂ ਉਸ ਦੀ ਆਪਣੀ ਮਰਜ਼ੀ ਨਾਲ ਹੀ ਟਿਕਾ ਲਇਆ ਜਾਂਦਾ ਹੈ, ਪਰ ਫੇਰ ਕੁਝ ਚਿਰ ਪਿਛੋਂ ਕਿਸੇ ਕਾਰਣ ਨਾ ਪਸੰਦ ਹੋਣ ਤੇ ਉਸ ਨੂੰ ਆਪਣੇ ਨਾਂ ਨਾਲੋਂ ਪਰੇ ਲਾਹੁਣ ਦਾ ਜਤਨ ਕੀਤਾ ਜਾਂਦਾ ਹੈ ਜੋ ਇਕ ਅਨਹੋਣੀ ਜਿਹੀ ਗੱਲ ਬਣ ਜਾਂਦੀ ਹੈ; ਜਿਵੇਂ—ਪੰਜਾਬ ਦੇ ਦੋ ਇਤਿਹਾਸ ਪ੍ਰਸਿੱਧ ਖਾਨਦਾਨੀ ਨਾਮ ਹਨ: ਆਹਲੂਵਾਲੀਆ ਅਤੇ ਰਾਮਗੜ੍ਹੀਆ, ਤੇ ਇਹ ਦੋਵੇਂ ਹੀ ਨਾਮ ਸ਼ੁਰੂ ਵਿਚ ਪਿੰਡ ਆਹਲੂ (ਜ਼ਿਲ੍ਹਾ ਲਾਹੌਰ) ਅਤੇ ਰਾਮਗੜ੍ਹ (ਪ੍ਰਸਿੱਧ ਨਾਮ—ਰਾਮ ਰੌਣੀ, ਅੰਮ੍ਰਿਤਸਰ) ਦੇ ਵਸਨੀਕ ਹੋਣ ਕਰ ਕੇ ਪਏ ਸਨ। ਹੁਣ ਕੁਝ ਚਿਰ ਤੋਂ ਆਹਲੂਵਾਲੀਏ ਪਤਾ ਨਹੀਂ ਕਿਉਂ, 'ਆਹਲੂ' ਸ਼ਬਦ ਲਾਹ ਕੇ ਆਪਣੇ ਨਾਂ ਨਾਲ ਨਿਰਾ 'ਵਾਲੀਆ' ਸ਼ਬਦ, ਜੋ ਨਿਰਾ ਇਕ ਪ੍ਰਤਯਯ ਜਾਂ ਅੰਤ-ਮਾਤ੍ਰਾ ਹੈ, ਲਿਖਣ ਲੱਗ ਪਏ ਹਨ, ਜਿਸ ਦਾ ਪੂਰਾ ਅਰਥ ਕੁਝ ਵੀ ਨਹੀਂ ਬਣਦਾ ਕਿ ਕਿਥੋਂ ਵਾਲੀਆ : ਗੁੱਜਰਾਂ ਵਾਲੀਆ ਜਾਂ ਜੱਸੋਵਾਲੀਆ ? ਭਲਾ ਜੇ ਰਾਮਗੜ੍ਹੀਏ ਵੀ ਇਹੋ ਰੀਸ ਕਰਨ ਲੱਗ ਪੈਣ ਤਾਂ ਹੋਰ ਵੀ ਹਾਸੇ ਵਾਲੀ ਗੱਲ ਹੋਵੇਗੀ।

ਇਹ ਜਾਂ ਅਜਿਹੀਆਂ ਹੋਰ ਲੋਕ-ਪ੍ਰਵ੍ਰਿਤੀਆਂ, ਜਿਨ੍ਹਾਂ ਦੇ ਕਾਰਣ ਇਸ ਤਰ੍ਹਾਂ ਲੋਕਾਂ ਦੇ ਉਪਨਾਮ ਟਿਕ ਜਾਂਦੇ ਹਨ, ਏਨੀਆਂ ਪ੍ਰਬਲ ਕਿਉਂ ਹਨ ? ਇਸ ਦਾ



Sri Satguru Jagjit Singh Ji eLibrary NamdhariElibrary@gmail.com

ਅਨੁਮਾਨ ਆਪ ਇਕੋ 'ਭਾਪਾ' ਸ਼ਬਦ ਤੋਂ ਲਗਾ ਸਕਦੇ ਹੋ । 'ਭਾਪਾ' ਸ਼ਬਦ ਦਾ ਸਿੱਧਾ ਸਾਦਾ ਅਰਥ ਹੈ, ਪਿਉ ਜਾਂ ਪਿਤਾ ਜੋ ਅੰਮ੍ਰਿਤਸਰ ਵਿਚ ਪ੍ਰਚਲਿਤ ਹੈ, ਪਰ ਹੁਣ ਦੇਸ਼ ਦੇ ਵੰਡਵਾਰੇ ਤੋਂ ਬਾਦ ਇਹ ਸ਼ਬਦ ਨਿਰਾ ਪੋਠੋਹਾਰੀਆਂ ਵਾਸਤੇ, ਜੋ ਉਧਰੋਂ ਏਥੇ ਪੂਰਬੀ ਪੰਜਾਬ ਵਿਚ ਆ ਕੇ ਵਸੇ ਹਨ, ਮੱਲੋਜੋਰੀ ਵਰਤਿਆ ਜਾਣ ਲੱਗ ਪਇਆ ਹੈ । ਇਸੇ ਕਰ ਕੇ ਲਗ ਭਗ ਸਾਰੇ ਹੀ ਥਾਵੀਂ ਹਰੇਕ ਪੋਠੋਹਾਰਨ ਨੂੰ, ਚਾਹੇ ਉਹ ਕੁੜੀ ਹੋਵੇ ਜਾਂ ਤ੍ਰੀਮਤ, 'ਭਾਪਣ' ਕਿਹਾ ਜਾਂਦਾ ਹੈ । ਭਾਵੇਂ ਇਹ ਗ਼ਲਤੀ ਹੈ, ਪਰ ਇਹ ਕਿਵੇਂ ਦੂਰ ਹੋਵੇ, ਜ਼ਰਾ ਇਹ ਵੀ ਸੋਚਣ ਵਾਲੀ ਗੱਲ ਹੈ ।

ਅਰਥ-ਵਿਸਤਾਰ ਦੀ ਅਗਲੀ ਮੰਜ਼ਲ ਹੈ ਕੁਝ ਵਿਕੋਲਿਤ੍ਰੇ ਸ਼ਬਦ-ਸੰਕੇਤ । ਸੰਸਕ੍ਰਿਤ ਵਿਚ ਇਕ ਸ਼ਬਦ 'ਪ੍ਰਗਯਾਚਖਸ਼ੂ' ਹੈ, ਜਿਸ ਦਾ ਸਾਧਾਰਣ ਅਰਥ ਹੈ ਗਯਾਨ ਦੀਆਂ ਅੱਖਾਂ ਵਾਲਾ, ਪਰ ਅੰਦਰੂਨੀ ਅਰਥ ਹੈ ਨੇਤ੍ਰ-ਹੀਨ ਅਥਵਾ ਅੰਨ੍ਹਾ । ਏਕਣ ਹੀ ਪੰਜਾਬੀ ਵਿਚ ਅੰਨ੍ਹੇ ਨੂੰ ਸੂਰਦਾਸ, ਸੂਰਮਾ ਜਾਂ ਸੂਰਮਾ ਸਿੰਘ ਵੀ ਆਖਦੇ ਹਨ । ਕਿਤਨੇ ਹੀ ਸ਼ਬਦ ਅਰਥ-ਵਿਕਾਸ ਵਿਚ ਇਸ ਹੱਦ ਤੋਂ ਹੋਰ ਵੀ ਅਗੇਰੇ ਵਧ ਜਾਂਦੇ ਹਨ, ਜਿਵੇਂ ਬਹੁਤ ਸਾਰੇ ਸੰਕੇਤੀ ਸ਼ਬਦ, ਜਿਨ੍ਹਾਂ ਦਾ ਸਿੱਧਾ ਅਰਥ ਤਾਂ ਹੋਰ ਹੁੰਦਾ ਹੈ ਤੇ ਅੰਦਰੂਨੀ ਅਰਥ ਕੁਝ ਹੋਰ, ਨਿਹੰਗ ਸਿੰਘਾਂ ਵਿਚ ਬਹੁਤੇ ਪ੍ਰਚਲਿਤ ਹਨ । ਉਨ੍ਹਾਂ ਸ਼ਬਦਾਂ ਨੂੰ ਖ਼ਾਲਸੇ ਦੇ ਗੜਗੱਜ ਬੋਲੇ ਕਿਹਾ ਜਾਂਦਾ ਹੈ । ਨਿਹੰਗ ਸਿੰਘ ਇਕ ਨੂੰ 'ਸਵਾ ਲੱਖ', ਕਾਣੇ ਨੂੰ 'ਪੰਜ ਅੱਖਾ', ਲੰਗੇ ਨੂੰ 'ਸੁਚਾਲਾ', ਸੁੱਥਣ ਨੂੰ 'ਦੁਸਾਂਗੀ', ਡੇਲਿਆਂ ਨੂੰ 'ਰੋਹੜੂ ਪ੍ਰਸਾਦ', ਲਾਲ ਮਿਰਚ ਨੂੰ 'ਲੜਾਕੀ', ਤਵੇ ਨੂੰ 'ਵਧਾਵਾ', ਜਨੇਊ ਨੂੰ 'ਜੂਆਂ ਦੀ ਪੀਂਘ', ਰੋਡੇ ਆਦਮੀ ਨੂੰ 'ਸਿਰ-ਗੁੰਮ', ਸ਼ੀਸ਼ੇ ਨੂੰ 'ਦੀਦਾਰਾ' ਆਦਿ ਕਹਿੰਦੇ ਹਨ, ਜੋ ਉਨ੍ਹਾਂ ਲਈ ਇਹ ਬੋਲੇ ਤਾਂ ਸਾਧਾਰਣ ਗੱਲਾਂ ਹਨ, ਪਰ ਆਮ ਲੋਕਾਂ ਲਈ ਹੈਰਾਨੀ ਦਾ ਕਾਰਣ ਬਣ ਜਾਂਦੇ ਹਨ, ਕਿਉਂਕਿ ਇਹ ਸ਼ਬਦ ਬਣੇ ਤਾਂ ਕਿਸੇ ਹੋਰ ਨਿਮਿੱਤ ਲਈ ਹਨ, ਪਰ ਅਰਥ ਦਾ ਵਿਸਤਾਰ ਕਰਕੇ ਵਰਤੋਂ ਇਨ੍ਹਾਂ ਦੀ ਕਿਸੇ ਹੋਰ ਨਿਮਿੱਤ ਨੂੰ ਲੈ ਕੇ ਹੀ ਕੀਤੀ ਜਾਂਦੀ ਹੈ । ਸੋ ਇਸ ਤੋਂ ਪਤਾ ਲਗਦਾ ਹੈ ਕਿ ਅਰਥਾਂ ਦਾ ਵਿਕਾਸ, ਵਿਸਤਾਰ ਤੇ ਸੰਕੋਚ ਉਨ੍ਹਾਂ ਦੇ ਇਕ ਤੋਂ ਅਨੇਕ ਅਰਥਾਂ ਵਿਚ ਲਏ ਜਾਣਾ ਤੇ ਫੇਰ ਉਨ੍ਹਾਂ ਵਿਚੋਂ ਕਿਤਨੇ ਹੀ ਸ਼ਬਦਾਂ ਦਾ ਕੁਝ ਵਿਸ਼ੇਸ਼ ਅਰਥਾਂ ਵਿਚ ਰੂਢ ਹੋ ਜਾਣਾ ਹੈ, ਜਿਵੇਂ ਕਿ ਇਨ੍ਹਾਂ ਉਦਾਹਰਣਾਂ ਤੋਂ ਸਪਸ਼ਟ ਹੁੰਦਾ ਹੈ ।

( ੫ )

ਨਾਮ ਅਥਵਾ ਸੰਗਯਾ ਦੇ ਤਿੰਨ ਭੇਦ ਹਨ:— (੧) ਨਾਂਵ, (੨) ਪੜਨਾਂਵ ਅਤੇ (੩) ਵਿਸ਼ੇਸ਼ਣ । ਕਈ ਵਿਦਵਾਨ ਕਹਿੰਦੇ ਹਨ ਕਿ ਵਿਸ਼ੇਸ਼ਣ ਨਾਂਵ ਪੜਨਾਂਵ ਤੋਂ ਇਕ ਅਲੱਗ ਚੀਜ਼ ਹੈ, ਪਰ ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਵਿਸ਼ੇਸ਼ਣ ਜਿਥੇ ਨਾਂਵ ਦੀ ਹੀ ਵਿਸ਼ੇਸ਼ਤਾ ਪ੍ਰਗਟ ਕਰਦੇ ਹੋਣ ਉਥੇ ਉਹ ਕਈ ਵੇਰ ਸੰਗਯਾ ਦੀ ਥਾਵੇਂ



Sri Satguru Jagjit Singh Ji eLibrary NamdhariElibrary@gmail.com

ਵਰਤੇ ਵੀ ਜਾਂਦੇ ਹਨ, ਜਿਵੇਂ– 'ਸਿਆਣਿਆਂ ਦਾ ਕਹਿਆ ਮੰਨੋ', 'ਬੁੱਧਿਮਾਨਾਂ ਤੋਂ ਮੱਤ ਸਿਖੋ,' 'ਵੱਡਿਆਂ ਦਾ ਨਿਰਾਦਰ ਨਾ ਕਰੋ' ਆਦਿ । ਇਨ੍ਹਾਂ ਵਾਕਾਂ ਵਿਚ ਸਿਆਣਾ, ਬੁਧਿਮਾਨ ਤੇ ਵੱਡਾ ਵਿਸ਼ੇਸ਼ਣ ਹਨ ਜੋ ਨਾਂਵ ਵਜੋਂ ਏਥੇ ਵਰਤੇ ਗਏ ਹਨ। ਇਸੇ ਤਰ੍ਹਾਂ ਕਈ ਵੇਰ ਨਾਵਾਂ ਦੇ ਅੰਤ 'ਆਂ' ਲਾ ਕੇ ਤੇ ਅੱਗੇ ਵਾਧੂ ਮੂੰਹ ਆਦਿ ਸ਼ਬਦ ਜੋੜਨ ਨਾਲ ਜਾਂ ਕੋਈ ਹੋਰ ਲੋੜੀਂਦਾ ਸੰਬੰਧਕ ਜੋੜ ਕੇ ਪੁਨਰੁਕਤੀ ਕਰਨ ਤੇ ਉਹ ਨਾਂਵ ਵਿਸ਼ੇਸ਼ਣ ਦੀ ਸ਼ਕਲ ਵਿਚ ਵੀ ਬਦਲ ਜਾਂਦਾ ਹੈ, ਜਿਵੇਂ 'ਮਣਾਂ ਮੂੰਹ ਘੀ', 'ਢੇਰਾਂ ਦੇ ਢਰ ਕਣਕ' ਆਦਿ। ਕਈ ਪਰਮਾਣ-ਵਾਚਕ ਵਿਸ਼ੇਸ਼ਣ ਇਸੇਤਰ੍ਹਾਂ ਕ੍ਰਿਆ ਵਿਸ਼ੇਸ਼ਣ ਬਣ ਜਾਂਦੇ ਹਨ, ਜਿਵੇਂ—ਇਹ ਨਕਸ਼ਾ 'ਹੋਰ' ਸਿੱਧਾ ਕਰ ਕੇ ਰਖੋ। ਉਹ ਮੇਰਾ 'ਬਹੁਤਾ' ਸਨੇਹੀ ਹੈ। ਮੈਂ ਇਸ ਬਾਰੇ 'ਬਹੁਤ' ਸੋਚਿਆ ਆਦਿ। ਏਕਣ ਹੀ ਚੋਰੀ ਤੋਂ ਚੋਰ, ਠੱਗੀ ਤੋਂ ਠੱਗ ਆਦਿ ਸ਼ਬਦ ਇਸੇ ਨਾਂਵ ਤੇ ਵਿਸ਼ੇਸ਼ਣਾਂ ਦੀ ਅਦਲਾ ਬਦਲੀ ਦਾ ਨਤੀਜਾ ਨਹੀਂ ਤਾਂ ਹੋਰ ਕੀ ਹੈ ?

ਵਿਸ਼ੇਸ਼ਣਾਂ ਵਾਂਗ ਹੀ ਕਈ ਨਾਂਵ ਅੰਤ ਵਿਚ ਕੋਈ ਪ੍ਰਤਯਯ ਜਾਂ ਅੰਤਮਾਤ੍ਰਾ ਜੋੜਨ ਤੋਂ ਕ੍ਰਿਆ ਦਾ ਰੂਪ ਧਾਰਣ ਕਰ ਲੈਂਦੇ ਹਨ, ਜਿਵੇਂ—ਨਜ਼ਮ ਤੋਂ ਨਜ਼ਮਾਉਣਾ, ਉਧਾਰ ਤੋਂ ਉਧਾਰਨਾ, ਧ੍ਰਿਕਾਰ ਤੋਂ ਧ੍ਰਿਕਾਰਨਾ, ਠੰਢ ਤੋਂ ਠੰਢਿਆਉਣਾ* ਗੁਜ਼ਰ ਤੋਂ ਗੁਜ਼ਰਨਾ, ਬਦਲ ਤੋਂ ਬਦਲਨਾ, ਦਾਗ਼ ਤੋਂ ਦਗਾਉਣਾ ਆਦਿ।

ਅਜਿਹੇ ਅਵਯਯ (ਨਿਪਾਤ), ਜੋ ਕ੍ਰਿਆ ਦੀ ਵਿਸ਼ੇਸ਼ਤਾ ਪ੍ਰਗਟ ਕਰਨ, ਕ੍ਰਿਆ-ਵਿਸ਼ੇਸ਼ਣ ਅਖਵਾਂਦੇ ਹਨ। ਇਹ (੧) ਪ੍ਰਯੋਗ, (੨) ਰੂਪ ਤੇ (੩) ਅਰਥ ਕਰਕੇ ਤਿੰਨ ਵਰਗਾਂ ਵਿਚ ਵੰਡੇ ਜਾ ਸਕਦੇ ਹਨ। ਜਿਵੇਂ-ਹੁਣ, ਛੇਤੀ, ਜਿੱਥੇ, ਕਿੱਥੇ ਆਦਿ ਪ੍ਰਯੋਗ-ਵਾਚੀ ਕ੍ਰਿਆ ਵਿਸ਼ੇਸ਼ਣ ਹਨ; ਠੀਕ, ਦੂਰ, ਅਚਾਣਕ, ਦਿਨ ਭਰ, ਕ੍ਰਮ ਅਨੁਸਾਰ, ਪੂਰਵਕ, ਸਵੇਰ ਤਕ, ਚੁਪ, ਧੀਰੇ, ਚਾਹੇ, ਐਸੇ, ਵੈਸੇ, ਏਥੋਂ ਤਕ, ਉੱਪਰ ਨੂੰ, ਨੀਚੇ ਤਕ, ਪਹਿਲਾਂ, ਹੁਣੇ ਆਦਿ ਰੂਪ-ਵਾਚੀ ਅਤੇ ਏਥੇ, ਓਥੇ, ਕਿਥੇ, ਅੱਗੇ, ਪਿੱਛੇ, ਹੇਠਾਂ, ਉੱਪਰ, ਅੰਦਰ, ਬਾਹਰ, ਏਧਰ, ਉਧਰ, ਉਰੇ, ਪਰੇ, ਚੁਪਾਸੇ, ਸੱਜੇ ਖੱਬੇ, ਪਰਸੋਂ, ਚੌਥੇ, ਜਦ, ਕਦੇ, ਤੁਰਤ, ਕਦੇ ਕਦਾਈਂ, ਕੇਵਲ, ਲਗ-ਭਗ, ਅਨੁਮਾਨ, ਅਕਸਰ, ਬਸ, ਇਤਨਾ, ਉਤਨਾ, ਥੋੜਾ, ਬਹੁਤਾ, ਅਛੋਪਲੇ† ਆਦਿ ਅਰਥ-ਵਾਚੀ ਸੰਸਕ੍ਰਿਤ ਤੋਂ ਆਏ ਕ੍ਰਿਆ-ਵਿਸ਼ੇਸ਼ਣ ਵਾਰੰ ਵਾਰ, ਪਸ਼ਚਾਤ, ਵ੍ਯਰਥ, ਕਦਾਚਿਤ੍ ਜਾਂ ਤਦਭਵ ਰੂਪ ਅਜ ਕਲ, ਸਨਮੁਖ ਜਾਂ ਸਾਮ੍ਹਣੇ, ਨਾਲ ਆਦਿ ਅਤੇ ਉਰਦੂ-ਫ਼ਾਰਸੀ ਕ੍ਰਿਆ ਵਿਸ਼ੇਸ਼ਣ ਸਹੀ, ਹਮੇਸ਼ਾਂ, ਜਲਦੀ, ਆਖ਼ਰ, ਨਜ਼ਦੀਕ, ਫ਼ੌਰਨ ਆਦਿ ਵੀ ਪੰਜਾਬੀ

---

* ਅਮੀ-ਤਰੋਂਕ ਨਾਲ ਆਸ ਪਾਸ ਠੰਢਿਆਉਂਦੀ। (ਮਹਾਂਬਲੀ), (ਅਵਤਾਰ ਸਿੰਘ ਆਜ਼ਾਦ, )

† ਮੱਲਾਂ ਮੈਂ ਅਛੋਪਲੇ, ਝਪਟਾਂ ਵਾਂਗੁ ਉਕਾਬ ॥ ,, ,, ,, (ਪੁਨਾ ਸਫ਼ਾ ੫)



Sri Satguru Jagjit Singh Ji eLibrary NamdhariElibrary@gmail.com

ਵਿਚ ਪੰਜਾਬੀ ਕ੍ਰਿਆ ਵਿਸ਼ੇਸ਼ਣਾਂ ਵਾਂਗੂ ਹੀ ਵਰਤੇ ਜਾਂਦੇ ਹਨ । ਵਾਕ-ਰਚਨਾ ਵਿੱਚ ਅਰਥ-ਵਿਕਾਸ ਦੱਸਣ ਲਈ ਇਨ੍ਹਾਂ ਕ੍ਰਿਆ ਵਿਸ਼ੇਸ਼ਣਾਂ ਦਾ ਇਕ ਵਿਸ਼ੇਸ਼ ਸਥਾਨ ਹੈ ।

( ੬ )

ਨਾਮ ਅਤੇ ਆਖਜਾਤ ਤੋਂ ਅੱਗੇ ਲੰਘ ਕੇ ਉਪਸਰਗ (ਆਦਿ ਮਾਤ੍ਰਾ) ਤੇ ਨਿਪਾਤ (ਅਵਜਯ) ਵੀ ਸ਼ਬਦ-ਸ੍ਰਿਸ਼ਟੀ ਦੇ ਅਜਿਹੇ ਹੀ ਅੰਗ ਹਨ ਜਿਵੇਂ ਸ਼ਰੀਰ ਵਿਚ ਹੱਡੀਆਂ ਦੇ ਜੋੜ ਹੁੰਦੇ ਹਨ । ਵਿਆਕਰਣ ਅਨੁਸਾਰ ਅਗੇਤਰ ਪਿਛੇਤਰ ਲੱਗ ਕੇ ਪੰਜਾਬੀ ਸ਼ਬਦਾਂ ਦੇ ਅਣੋਖੇ ਰੂਪ ਬਣਦੇ ਹਨ ਤੇ ਉਨ੍ਹਾਂ ਵਿਚ ਕਿਤਨਾ ਅਰਥ-ਵਿਕਾਸ ਹੁੰਦਾ ਹੈ, ਇਸ ਗੱਲ ਦਾ ਪਤਾ ਕੁਝ ਪ੍ਰਮਾਣਾਂ ਤੋਂ ਲੱਗਦਾ ਹੈ ਜੋ ਅਗੇ ਦਿਤੇ ਜਾਂਦੇ ਹਨ ।

ਜਿਵੇਂ-'ਡੰਡਾ' ਇਕ ਸਾਧਾਰਣ ਸ਼ਬਦ ਹੈ, ਪਰ ਜੇ ਇਸ ਦੇ ਨਾਲ ਇਕ ਹੋਰ ਡੰਡਾ ਜੋੜ ਕੇ ਦੋਹਾਂ ਦੇ ਅੰਤ 'ਓ' 'ਈ' ਅੰਤ ਮਾਤ੍ਰਾ ਲਾ ਦੇਈਏ ਤਾਂ ਇਸ ਡੰਡੋ ਡੰਡੀ ਦਾ ਅਰਥ ਹੋ ਜਾਂਦਾ ਹੈ ਗੁੱਥਮ ਗੁੱਥਾ ਲੜਾਈ । ਇਸੇ ਦਾ ਦੂਜਾ ਸਮਾਨਾਰਥਕ ਸ਼ਬਦ ਪੱਗੋ ਹੱਥੀ ਹੈ । ਮਤਲਬ ਇਸ ਦਾ ਸਾਫ਼ ਲਫ਼ਜ਼ਾਂ ਵਿਚ ਇਹੋ ਹੈ ਕਿ ਸ਼ਬਦਾਂ ਦੇ ਆਦਿ ਜ਼ਾਂ ਅੰਤ ਵਿਚ ਉਪਸਰਗ ਅਥਵਾ ਪ੍ਰਤਜਯ ਲੱਗ ਕੇ ਉਸ ਦੇ ਅਰਥਾਂ ਵਿਚ ਕਿਸੇ ਹੱਦ ਤਕ ਫਰਕ ਪਾ ਦਿੰਦੇ ਹਨ । ਉਹ ਫਰਕ ਥੋੜਾ ਹੋਵੇ ਜਾਂ ਬਾਹਲਾ, ਪਰ ਇਸ ਵਿਚ ਸ਼ਬਦ-ਵਿਕਾਸ ਦੀ ਕਰਾਮਾਤ ਮੰਨਣੀ ਹੀ ਪੈਂਦੀ ਹੈ । ਉਪਸਰਗ, ਜਿਨ੍ਹਾਂ ਦਾ ਪੰਜਾਬੀ ਨਾਮ ਆਦਿ ਮਾਤ੍ਰਾਂ ਹੈ, ਸ਼ਬਦਾਂ ਦੇ ਮੁਢ ਵਿਚ ਲੱਗ ਕੇ ਅਰਥ ਵਿਸ਼ੇਸ਼ਤਾ ਪੈਦਾ ਕਰਦੇ ਹਨ ਤੇ ਪ੍ਰਤਜਯ ਜਾਂ ਅੰਤ੍ਰ ਮਾਤ੍ਰਾਂ, ਜਿਨ੍ਹਾਂ ਦੀ ਗਿਣਤੀ ਨਿਪਾਤਾਂ ਦੇ ਅੰਤਰਗਤ ਹੈ, ਸ਼ਬਦਾਂ ਦੇ ਅੰਤ ਵਿਚ ਲਗਦੇ ਹਨ । ਸੰਸਕ੍ਰਿਤ ਵਿਚ ਉਪਸਰਗ (ਆਦਿ ਮਾਤ੍ਰਾਂ) ਇਹ ਹਨ—ਪ੍ਰ, ਪਰਾ, ਅਪ, ਸਮ੍, ਅਨੁ, ਅਵ੍, ਨਿਸ੍, ਨਿਰ੍, ਦੁਸ੍, ਦੁਰ੍, ਅਭਿ, ਵਿ, ਸੁ, ਉਤ, ਅਤਿ, ਨਿ, ਪ੍ਰਤਿ, ਪਰਿ, ਅਧਿ, ਅਪਿ, ਉਪ, ਅਤੇ ਆ, * ਪੰਜਾਬੀ ਵਿਚ ਭਾਂਵੇਂ ਇਹੋ ਹੀ ਉਪਸਰਗ ਵਰਤੇ ਜਾਂਦੇ ਹਨ, ਪਰ ਜ਼ਬਾਨ ਦਾਨੀ ਦੇ ਨੁਕਤੇ ਤੇਂ ਕਿਤੇ ਕਿਤੇ ਕੁਝ ਵਾਧਾ ਘਾਟਾ ਕਰ ਕੇ । ਇਸੇ ਲਈ ਇਹ ਹੋਰ ਸ਼ਕਲਾਂ ਅਖ਼ਤਿਆਰ ਕਰ ਗਏ ਹਨ ਜਿਵੇਂ ਕਿ ਕੁਝ ਉਦਾਹਰਣ ਹਨ :—

ਪ੍ਰ—ਵਾਧਾ, ਚੜ੍ਹਾਉ ਆਦਿ ਦੱਸਣ ਲਈ । ਜਿਵੇਂ—ਪ੍ਰਬਲ, ਪ੍ਰਤਾਪ, ਪ੍ਰਸਿੱਧ ਆਦਿ ।

* "ਤ੍ਰਪਸਗਾ: ਕ੍ਰਿਯ ਯੋਗੇ ੧ । ੪ । ੫੬ प्रादय: क्रिया योगे उपसर्ग ਸੰਗ਼ਾ: ਸ੍ਯੁ: ।" (ਕੌਮੁਦੀ)



Sri Satguru Jagjit Singh Ji eLibrary NamdhariElibrary@gmail.com

ਪਰਾ—ਉਲਟੇ ਅਰਥਾਂ ਵਿਚ । ਜਿਵੇਂ—ਪਰਾਧੀਨ ।

ਸਮ੍ਹ } ਸਹਿਤ, ਚੰਗੇਰਾਪਣ ਦਸਣ ਲਈ । ਜਿਵੇਂ—ਸੰਬੰਧ, ਸੰਯੋਗ, ਸਨਮੁਖ,
ਸਨ } ਸੰਸਕ੍ਰਿਤ, ਸੰਸਕਾਰ ਆਦਿ ।

ਅਪ—ਛੁਟੇਰਾਪਨ, ਹੀਨਤਾ ਆਦਿ ਦਾ ਸੂਚਕ । ਜਿਵੈਂ—ਅਪਮਾਨ, ਅਪਜਸ, ਅਪਕਾਰ, ਅਪਕਰਮ ਆਦਿ ।

ਅਣ } ਨਾਂਹ ਜਾ ਨਿਖੇਧ ਕਰਨ ਲਈ । ਜਿਵੇਂ— ਅਣ ਬਣ, ਅਣਜਾਣ,
ਅਨ } ਅਣਪੜ੍ਹ, ਅਨਹੋਣੀ, ਅਨਜੋੜ, ਅਨਾਦਰ, ਅਨੋਭੜ ਆਦਿ ।

ਅਵ—ਹਾਨੀ ਤੇ ਨਿਰਾਦਰ ਵਾਸਤੇ : ਜਿਵੇਂ—ਅਵਗੁਣ, ਅਵਤਾਰ, ਅਵੱਗਿਆ ।

ਨਿ
ਨਿਹ } ਇਨਕਾਰ ਜਾਂ ਨਿਖੇਧ । ਜਿਵੇਂ—ਨਿਸ਼ਫਲ, ਨਿਸਤਾਰਾ. ਨਿਹਕਪਟ,
ਨਿਸ } ਨਿਰੰਕਾਰ, ਨਿਰਾਕਾਰ, ਨਿਰਗੁਣ, ਨਿਰਧਨ ।
ਨਿਰ

ਦੁ } ਹੀਨਤਾ, ਨਿੰਦਾ ਦੇ ਅਰਥਾਂ ਵਿਚ । ਜਿਵੇਂ—ਦੁਰਦਸ਼ਾ, ਦੁਰਜਨ,
ਦੁਰ } ਦੁਰਗਤ, ਦੁਰਬਲ ਜਾਂ ਦੁਬਲਾ ।

ਅਭਿ—ਇੱਛਾ, ਅਧਿਕਤਾ ਜਾਂ ਵਧੀਕੀ ਵਾਸਤੇ । ਜਿਵੇਂ—ਅਭਿਨੰਦਨ, ਅਭਿਯੋਗ, ਅਭਿਮਾਨ ਆਦਿ ।

ਵਿ } ਵਿਸ਼ੇਸ਼ਤਾ. ਹੀਨਤਾ, ਭਿੰਨਤਾ ਦੱਸਣ ਲਈ । ਜਿਵੇਂ—ਵਿਹਾਰ, ਵਿਸ਼ੇਸ਼,
ਵਿਰ } ਵਿਰਲਾਪ, ਵਿਜੋਗ, ਵਿਕਾਰ, ਵਿਪੱਖ, ਵਿਕਰਾਲ ਆਦਿ ।

ਅਧਿ—ਮੁੱਖਤਾ, ਨੇੜੇ ਦਾ ਸੰਬੰਧ । ਜਿਵੇਂ—ਅਧਿਕਾਰ, ਅਧਿਰਾਜ ਆਦਿ ।

ਸੁ—ਚੰਗਿਆਈ, ਨੇਕੀ, ਸ੍ਰੇਸ਼ਟਤਾ, ਸੁਗਮਤਾ ਆਦਿ । ਜਿਵੇਂ—ਸੁਜਾਨ, ਸੁਮਤ, ਸੁਪੁਤ੍ਰ, ਸੁਪਤਨੀ, ਸੁਗਮ, ਸੁਗੰਧ, ਸੁਪਾਤ੍ਰ, ਸੁਲਪ (ਅਲਪ ਅਹਾਰ ਸੁਲਪ ਸੀ ਨਿਦ੍ਰਾ...) ਆਦਿ ।

ਉਤ—ਚੜ੍ਹਾਉ, ਉੱਨਤੀ ਆਦਿ ਲਈ । ਜਿਵੇਂ— ਉਦੇਸ਼, ਉਤਕੰਠਾ, ਉਦੇ, ਉਦਾਹਰਣ ਆਦਿ ।

ਅਤਿ—ਬਹੁਤਾਇਤ, ਚੜ੍ਹਾਉ, ਆਦਿ ਵਾਸਤੇ । ਜਿਵੇਂ— ਅਤਿਕਥਨੀ, ਅਤਿ ਗੁਪਤ, ਅਤਿ ਕਾਲ ।

ਮ } ਨਿਖੇਧ ਦੇ ਅਰਥਾਂ ਵਿਚ । ਜਿਵੇਂ-ਮਖੱਟੂ, ਮਛੱਡ, ਮਣਖੱਟੂ, ਮਣਤਾਰੂ
ਮਣ } (ਮੈਂ ਮਣਤਾਰੂ ਤਰਨ ਨ ਜਾਣਾ) !

ਨਿ } ਨਿੰਦਾ, ਨਿਖੇਧ ਆਦਿ ਲਈ । ਜਿਵੇਂ—ਨਿਸਫਲ, ਨਿਖੇਧ, ਨਿਯੋਗ,
ਨਿਰ } ਨਿਰਲੱਜ, ਨਿਰਲੋਭ, ਨਿਕਾਸ, ਨਿਕੰਮਾ, ਨਿਰਗੁਣ, ਆਦਿ ।



Sri Satguru Jagjit Singh Ji eLibrary NamdhariElibrary@gmail.com

ਪ੍ਰਤਿ—ਹਰੇਕ, ਵਿਰੋਧ ਜਾਂ ਮੁਕਾਬਲੇ ਲਈ । ਜਿਵੇਂ— ਪ੍ਰਤਿਨਿਧੀ, ਪ੍ਰਤਿਕੂਲ, '(ਉਲਟ), ਪ੍ਰਤਿਦਿਨ, ਪ੍ਰਤਿਕਰਮ, ਪ੍ਰਤਿਪਾਦਨ, ਪ੍ਰਤੀਉੱਤਰ, ਪ੍ਰਤਿਵਾਦੀ ਆਦਿ ।

ਪਰਿ—ਬਹੁਤਾਇਤ, ਸਭ ਪਾਸਿਓਂ ਜਾਂ ਜ਼ੋਰ ਦੇਣ ਵਾਸਤੇ । ਜਿਵੇਂ— ਪਰਿਸ਼੍ਰਮ, ਪਰਿਪੂਰਣ, ਪਰਿਮਾਣ ਆਦਿ ।

ਉਪ—ਸਹਾਇਤਾ, ਨੇੜਤਾ ਆਦਿ ਦੱਸਣ ਲਈ । ਜਿਵੇਂ—ਉਪਕਾਰ, ਉਪਗ੍ਰਹ ਉਪ ਸਕਤ੍ਰ, ਉਪਨਿਯਮ, ਉਪਮੰਤ੍ਰੀ, ਉਪਕਾਰ, ਉਪਨਾਮ ਆਦਿ ।

ਆ—ਹੱਦ, ਖਿੱਚ, ਚੜ੍ਹਾਉ ਆਦਿ ਲਈ । ਜਿਵੇਂ—ਆਗਮਨ, ਆਕਰਖਣ ਆਦਿ ।

ਅ—ਨਿਖੇਧ, ਜਾਂ ਇਨਕਾਰ ਦੇ ਅਰਥਾਂ ਵਿਚ । ਜਿਵੇਂ—ਅਮੋਲ, ਅਭਾਵ, ਅਮੋੜ, ਅਗਿਆਨ, ਅਚਲ, ਅਜੋਗ ਆਦਿ ।

ਸ—ਸਹਿਤ ਜਾਂ ਸਮੇਤ ਦੇ ਅਰਥ ਦੱਸਣ ਲਈ । ਜਿਵੇਂ—ਸਚਿਤ੍ਰ, ਸਜੀਵ, ਸਨੇਹ, ਸਚੇਤ, ਸਪੁੱਤੀ, ਸਗੁਣ (ਸਰਗੁਣ) ਆਦਿ ।

ਸਤ—ਅੱਛਾਈ, ਸ਼ੁਭ ਆਦਿ ਦੇ ਅਰਥਾਂ ਵਿਚ । ਜਿਵੇਂ—ਸਦਾਚਾਰ, ਸਤਸੰਗ ।

ਕੁ—ਭੈੜੇ ਜਾਂ ਬੁਰੇ ਅਰਥਾਂ ਅਰਥਾਂ ਵਿਚ । ਜਿਵੇਂ-ਕੁਰੂਪ, ਕੁਪੁਤ੍ਰ, ਕੁਚੀਲ, ਕੁਸੰਗੀ, ਕੁਚੱਜਾ ਆਦਿ ।

ਦੁ, ਦੁਹ, ਦੁਰ — ਬੁਰੇ ਜਾਂ ਔਖੇ ਕੰਮ ਲਈ । ਜਿਵੇਂ—ਦੁੱਭਰ, ਦੁਸ਼ਮਨ, ਦੁਸ਼ਵਾਰ, ਦੁਰਬਚਨ ਦੁਰਗਤ, ਦੁਰਲੱਭ, ਦੁਰਜਨ ਆਦਿ ।

ਬੇ, ਲਾ — ਬਿਨਾ, ਬਗ਼ੈਰ ਆਦਿ ਲਈ । ਜਿਵੇਂ—ਬੇ ਪਰਵਾਹ, ਬੇ-ਗ਼ਰਜ਼, ਬੇ ਅੰਤ, ਬੇ-ਕਸ, ਬੇ-ਸ਼ਰਮ, ਬੇ-ਵਕੂਫ, ਲਾ-ਪਰਵਾਹ, ਲਾ-ਪਤਾ ਆਦਿ ।

ਪੜ— ਵਡੱਪਣ ਦੱਸਣ ਲਈ । ਜਿਵੇਂ—ਪੜਦਾਦਾ, ਪੜਦਾਦੀ, ਪੜਪੋਤਾ ਆਦਿ ।

## ਪ੍ਰਤਜਯ ਅਥਵਾ ਅੰਤ ਮਾਤ੍ਰਾਂ

ਪੰਜਾਬੀ ਵਿਚ ਪ੍ਰਤਜਯਾਂ ਅਥਵਾ ਅੰਤ ਮਾਤ੍ਰਾਂ ਦਾ ਹੀ ਦੂਜਾ ਨਾਮ, ਜਿਵੇਂ ਕਿ ਪਹਿਲਾਂ ਦਸਿਆ ਗਿਆ ਹੈ, ਪਿਛੇਤਰ ਹੈ । ਇਹ ਅੰਤ ਮਾਤ੍ਰਾਂ ਜਿਵੇਂ ਕਿ ਨਾਮ ਤੋਂ ਹੀ ਪ੍ਰਗਟ ਹੈ, ਸ਼ਬਦਾਂ ਦੇ ਅੰਤ ਵਿਚ ਆ ਕੇ ਉਨ੍ਹਾਂ ਦੇ ਅਰਥਾਂ ਵਿਚ ਵਿਸ਼ੇਸ਼ਤਾ ਪੈਦਾ ਕਰਦੀਆਂ ਹਨ । ਪੰਜਾਬੀ ਦੀਆਂ ਅੰਤਮਾਤ੍ਰਾਂ ਦੋ ਤਰ੍ਹਾਂ ਦੀਆਂ ਹਨ-(੧) ਧਾਤੂ ਦੇ ਅੰਤ ਵਿਚ ਆਉਣ ਵਾਲੀਆਂ ਜਿਨ੍ਹਾਂ ਨੂੰ ਵਿਆਕਰਣਕਾਰਾਂ ਨੇ ਕ੍ਰਿਤ ਅੰਤ ਹੋਣ ਕਰ ਕੇ ਕ੍ਰਿਦੰਤ* ਅਤੇ ਕ੍ਰਿਆ ਪ੍ਰਤਜਯਾਂ ਦਾ ਨਾਮ ਦਿੱਤਾ ਹੈ, ਤੇ (੨) ਨਾਮ ਦੇ ਅੰਤ ਵਿਚ ਆਉਣ ਵਾਲੀਆਂ ਜੋ ਤੱਧਿਤ

---

*ਪੰਜਾਬੀ ਵਿਚ ਕ੍ਰਿਦੰਤ ਦੀ ਥਾਵੇਂ ਕਾਰਦੰਤਕ ਸ਼ਬਦ ਵਰਤਿਆ ਜਾਂਦਾ ਹੈ । (ਦੇਖੋ, ਦੁਨੀ ਚੰਦ੍ ਕ੍ਰਿਤ ਪੰਜਾਬੀ ਭਾਸ਼ਾ ਦਾ ਵਿਕਾਸ)



Sri Satguru Jagjit Singh Ji eLibrary NamdhariElibrary@gmail.com

ਅਤੇ ਕਾਰਕਾਂਤ ਅਖਵਾਂਦੀਆਂ ਹਨ। ਧਾਤੂਆਂ ਦੇ ਅੰਤ ਵਿਚ ਆਉਣ ਵਾਲੀਆਂ ਅੰਤ-ਮਾਤ੍ਰਾਂ ਸ਼ਬਦਾਂ ਸਮੇਤ ਕ੍ਰਮ ਅਨੁਸਾਰ ਇਹ ਹਨ।

**(੧) ਭਾਵ ਵਾਚਕ ਕ੍ਰਿਦੰਤ—**

ਆਈ—ਚੜ੍ਹ ਤੋਂ ਚੜ੍ਹਾਈ, ਲੜ ਤੋਂ ਲੜਾਈ, ਕੁੱਟ ਤੋਂ ਕੁਟਾਈ, ਪੜ੍ਹ ਤੋਂ ਪੜ੍ਹਾਈ ਆਦਿ।

ਆਪ / ਆਪਾ — ਮੇਲ ਤੋਂ ਮਿਲਾਪ, ਬੁਢੇ ਤੋਂ ਬੁਢਾਪਾ, ਜਲੇ ਤੋਂ ਜਲਾਪਾ ਆਦਿ।

ਆਉ—ਚੜ੍ਹ ਤੋਂ ਚੜ੍ਹਾਉ, ਬਣ ਤੋਂ ਬਣਾਉ, ਉੱਤਰ ਤੋਂ ਉਤਰਾਉ ਆਦਿ।

ਣਾ / ਨਾ — ਹੋਣ ਤੋਂ ਹੋਣਾ, ਚਲ ਤੋਂ ਚਲਣਾ, ਜਾਣ ਤੋਂ ਜਾਣਾ, ਦੌੜ ਤੋਂ ਦੌੜਨਾ, ਮਾਰ ਤੋਂ ਮਾਰਨਾ ਆਦਿ।

ਣੀ / ਨੀ — ਹੋਣ ਤੋਂ ਹੋਣੀ, ਕਰ ਤੋਂ ਕਰਨੀ ਆਦਿ।

ਆਵਟ / ਆਵਾ — ਮੇਲ ਤੋਂ ਮਿਲਾਵਟ, ਦੇਖ ਤੋਂ ਦਿਖਾਵਾ ਜਾਂ ਦਿਖਾਵਟ, ਸਜ ਤੋਂ ਸਜਾਵਟ ਆਦਿ।

ਆਹਟ—ਖੁਜਲੀ ਤੋਂ ਖੁਜਲਾਹਟ ਭੜਕ ਤੋਂ ਭੜਕਾਹਟ ਆਦਿ।

**(੨) ਕਰਤ੍ਰੀ ਵਾਚ ਕ੍ਰਿਦੰਤ—**

ਆ—ਭੁੰਨਣ ਤੋਂ ਭੜਭੂੰਜਾ, ਖੁੰਜ ਤੋਂ ਖੂੰਜਾ ਆਦਿ।

ਈ—ਕਟਾਰ ਤੋਂ ਕਟਾਰੀ, ਕੁਹਾੜੇ ਤੋਂ ਕੁਹਾੜੀ ਆਦਿ।

ਣੀ—ਸੁੰਘਨ ਤੋਂ ਸੁੰਘਣੀ, ਓਢਣ ਤੋਂ ਓਢਣੀ, ਛਿਕਣ ਤੋਂ ਨਕਛਿਕਣੀ ਆਦਿ।

**(੩) ਕਰਣ ਵਾਚਕ—**

ਨੀ—ਸਿਮਰ ਤੋਂ ਸਿਮਰਨੀ, ਛਾਣ ਤੋਂ ਛਾਣਨੀ, ਕਤਰ ਤੋਂ ਕਤਰਨੀ ਆਦਿ।

## ਵਿਸ਼ੇਸ਼ਣ

**(੧) ਕਰਤ੍ਰੀ ਵਾਚਕ ਕ੍ਰਿਦੰਤ—**

ਆਊ—ਟਿਕ ਤੋਂ ਟਿਕਾਊ, ਕੰਮ ਤੋਂ ਕਮਾਊ ਆਦਿ।

ਆਈ / ਆਕਾ — ਲੜਨ ਤੋਂ ਲੜਾਈ, ਲੜਾਕਾ ਆਦਿ।

ਆਉਣਾ—ਆਦਰ ਤੋਂ ਅਦਰਾਉਣਾ।

'ਅਦਰਾਉਂਦਾ ਮਿਟਕਾਫ਼ ਨੂੰ ਕਿੰਜ ਨ ਉਹ ਸਿਰਤਾਜ।' (ਆਜ਼ਾਦ)

ਆਊ—ਖਾਣ ਤੋਂ ਖਾਊ, ਖਟਣ ਤੋਂ ਖਟਾਊ ਆਦਿ।



Sri Satguru Jagjit Singh Ji eLibrary NamdhariElibrary@gmail.com

ਅਕੜ—ਭੁੱਲ ਤੋਂ ਭੁਲੱਕੜ, ਬੁੱਝ ਤੋਂ ਬੁਝੱਕੜ, ਕੁੱਦ ਤੋਂ ਕੁਦੱਦੜ ਆਦਿ ।

**(੨) ਭੂਤਕਾਲਿਕ ਕ੍ਰਿਦੰਤ—**

ਆ<br>ਇਆ } ਪੜ੍ਹ ਤੋਂ ਪੜ੍ਹਿਆ, ਖਾਣ ਤੋਂ ਖਾਧਾ ਆਦਿ ।

**(੩) ਵਰਤਮਾਨ ਕਾਲਿਕ ਕ੍ਰਿਦੰਤ—**

ਆ—ਪੜ੍ਹ ਤੋਂ ਪੜ੍ਹਦਾ, ਚਲ ਤੋਂ ਚਲਦਾ, ਦੌੜ ਤੋਂ ਦੌੜਦਾ ਆਦਿ ।

ਇਸੇ ਤਰ੍ਹਾਂ ਅੰਤ-ਮਾਤ੍ਰਾਂ ਦੇ ਕੁਝ ਰਹੇ ਉਦਾਹਰਣ ਵੀ ਹਨ । ਜਿਨ੍ਹਾਂ ਨਾਲ ਉੱਤ, ਉੱਤਰ, ਊਂਗੜਾ ਆਦਿ ਪ੍ਰਤਯ ਲਗਦੇ ਹਨ । ਜਿਵੇਂ—ਕਲਾਉਤ, ਜਿਠੁੱਤਰ, ਦਿਰੁੱਤਰ, ਬਚੂੰਗੜਾ, ਬਿਲੂੰਗੜਾ, ਕੁਤੂਰਾ, ਕਾਲ ਕਲੂਟਾ, ਭਣੋਈਆ, ਹਰਨੋਟਾ, ਲਿੰਗੋਟਾ, ਮਰਦਊ, ਰੰਘੜਊ, ਭਲਮਨਸਊ, ਸੜੀਅਲ, ਮਰੀਅਲ, ਅੜੀਅਲ, ਡਰਾਉਣਾ, ਸੁਹਾਉਣਾ, ਢੋ-ਢੁਆਈ, ਗਾਹ-ਗਹਾਈ, ਹਿੰਦੁਸਤਾਨੀ, ਈਰਾਨੀ, ਦੁਖਾਂਤ, ਸੁਖਾਂਤ, ਮੁਹਾਂਦਰਾ, ਵਟਾਂਦਰਾ, ਪਚਾਧਾ, ਸਪਾਧਾ, ਜਮਾਂਦਰੂ, ਸਿਖਾਂਦਰੂ, ਸ਼ਿਵਾਲਾ, ਅੰਬਾਲਾ ਫੁਫੇਹਸ, ਦਦੇਹਸ, ਜਟੇਟਾ, ਖਤਰੇਟਾ, ਨੌਂਟਾ, ਦਸਤਗੀਰ, ਰਾਹਗੀਰ, ਨੁਕਤਾਚੀਨ, ਕਰਮਚਾਰੀ, ਬ੍ਰਹਮਚਾਰੀ, ਠਾਣੇਦਾਰ, ਸੂਬੇਦਾਰ ਆਦਿ ।

ਹਿੰਦੀ-ਸੰਸਕ੍ਰਿਤ ਵਾਂਗ ਹੀ ਪੰਜਾਬੀ ਵਿਚ ਕਿਤਨੇ ਹੀ ਜੁੱਟ ਸ਼ਬਦ ਅਜਿਹੇ ਹਨ, ਜੋ ਨਾਂ ਤਾਂ ਆਦਿ ਮਾਤ੍ਰਾਂ ਦੇ ਸੰਜੋਗ ਨਾਲ ਹੀ ਬਣਦੇ ਹਨ ਤੇ ਨਾਹੀ ਅੰਤ-ਮਾਤ੍ਰਾਂ ਨਾਲ । ਅਜਿਹੇ ਸ਼ਬਦਾਂ ਨੂੰ ਵਿਆਕਰਣ ਵਿਚ ਸਮਾਸ ਕਿਹਾ ਜਾਂਦਾ ਹੈ । ਸਿਆਹੀ-ਚੱਟ, ਮੱਖੀ-ਚੂਸ, ਗਿੱਦੜ-ਕੁੱਟ, ਚੋਰ-ਮਾਰ ਆਦਿ ਸ਼ਬਦ ਇਸੇ ਸ਼੍ਰੇਣੀ ਵਿਚੋਂ ਹਨ । ਕਈ ਵਾਰ ਕੁਝ ਸਮਾਸੀ ਸ਼ਬਦ ਅਜਿਹੇ ਵੀ ਦੇਖਣ ਵਿਚ ਆਉਂਦੇ ਹਨ, ਜਿਨ੍ਹਾਂ ਦੇ ਮੂਲ ਸ਼ਬਦ ਤਾਂ ਬਿਲਕੁਲ ਸਿੱਧੇ ਪੱਧਰੇ ਹੁੰਦੇ ਹਨ, ਪਰ ਸਮਾਸ ਬਣਨ ਤੇ ਉਸ ਦੇ ਅਰਥ ਕੁਝ ਹੋਰ ਹੀ ਡੂੰਘੇ ਜਿਹੇ ਨਿਕਲ ਆਉਂਦੇ ਹਨ । ਜਿਵੇਂ—ਚਤੁਰ ਮੁਖ (ਬ੍ਰਹਮਾ), ਮਣਖ* (ਮਨ ਦੀ ਅਣਖ), ਲਮਢੀਂਗ (ਇਕ ਬਗਲੇ ਦੀ ਕਿਸਮ ਦਾ ਪੰਛੀ), ਘੰਟੇ ਸ਼ਾਹ (ਮਹਾਂ ਮੂਰਖ) ਤੀਸ ਮਾਰ ਖ਼ਾਨ (ਸ਼ੇਖੀ ਖੋਰ), ਬੁੱਧੂ (ਅਕਲੋਂ ਹੀਣਾ), ਕੱਛ ਵਾਲਾ (ਸਿੱਖ), ਮੂਰਤੀ ਪੂਜਕ (ਹਿੰਦੂ), ਆਦਿ ।

( ੭ )

ਪ੍ਰਕ੍ਰਿਤੀ ਵਾਂਗ ਜਨ ਸਮਾਜ ਚੂੰਕਿ ਆਦਿ ਕਾਲ ਤੋਂ ਪਰਿਵਰਤਨਸ਼ੀਲ ਹੈ, ਇਸ ਲਈ ਇਸ ਦੀ ਬੋਲ ਚਾਲ ਵਿਚ ਹੇਰ ਫੇਰ ਹੋਣੇ ਵੀ ਕੁਦਰਤੀ ਹਨ । ਅਜਿਹੇ ਹੇਰ ਫੇਰ

* ਪਰਸੇ ਪਰ ਸ਼ਿਵ ਪਗ ਜਿਨ੍ਹੇਂ ਉਸ ਦੀ ਵਖਰੀ ਮਣਖ ।

( 'ਆਜ਼ਾਦ' ਦੇ ਅਣਛਪੇ ਮੇਘਦੂਤ ਵਿਚੋਂ )



Sri Satguru Jagjit Singh Ji eLibrary NamdhariElibrary@gmail.com

ਸਮਾਜ ਦੇ ਨਾਲ ਹੀ ਕਈ ਵੇਰ ਬੋਲੀ ਉਤੇ ਵਧੇਰੇ ਅਸਰ ਪਾਉਂਦੇ ਹਨ। ਸਾਡੇ ਸਾਹਿੱਤਕਾਰ ਇਸ ਗਲੋਂ ਅਨਜਾਣ ਨਹੀਂ ਕਿ ਪ੍ਰਾਕ੍ਰਿਤ ਤੋਂ ਬਾਦ ਅਪਭ੍ਰੰਸ਼ ਤੇ ਅਪਭ੍ਰੰਸ਼ ਤੋਂ ਬਾਦ ਦੇਸੀ ਜ਼ਬਾਨਾਂ ਪੈਦਾ ਹੋ ਕੇ ਸਾਡੀ ਇਸ ਮਾਤ-ਭੂਮੀ ਵਿਚ ਵਧੀਆਂ ਫੁਲੀਆਂ ਹਨ। ਸੰਸਕ੍ਰਿਤ ਬੋਲੀ ਦੇ ਵੀ, ਜਿਹੜੀ ਕਿ ਸੰਸਕਾਰੀ ਹੋਈ ਹੋਣ ਕਰ ਕੇ ਬਦਲ ਨਹੀਂ ਸੀ ਸਕਦੀ, ਕਿਤਨੇ ਹੀ ਲਫ਼ਜ਼ ਪਹਿਲਾਂ ਹੋਰਵੇਂ ਲਿਖੇ ਜਾਂਦੇ ਸਨ ਤੇ ਹੁਣ ਹੋਰ ਤਰੀਕੇ ਨਾਲ। ਜਿਵੇਂ ਕਿ ਮਨੂ ਸਿਮ੍ਰਤੀ ਵਿਚ ਪੁਰਸ਼ ਦੀ ਥਾਵੇਂ ਪੂਰੁਸ਼, ਤੈਤਿਰੀਯ ਉਪਨਿਸ਼ਦ ਵਿਚ ਸਿਖਸ਼ਾ ਦੀ ਥਾਵੇਂ ਸ਼ੀਖਸ਼ਾ (ਲਗ ਭਗ ੨੦ ਉਦਾਹਰਣ), ਪ੍ਰਤਿਮਾਨ ਦੀ ਥਾਵੇਂ ਪ੍ਰਤੀਮਾਨ (ਮਨੂ) ਮਹਾਂਭਾਰਤ ਵਿਚ ਪਰਿਧਾਨ ਦੀ ਥਾਵੇਂ ਪਰੀਧਾਨ, ਪਰਿਮਾਣ ਦੀ ਥਾਵੇਂ ਪਰੀਮਾਣ ਆਦਿ ਹਵਾਲੇ ਮਿਲਦੇ ਹਨ। ਇਸੇ ਤਰ੍ਹਾਂ ਉਰਦੂ-ਫ਼ਾਰਸੀ ਦੇ ਵੀ ਕਿਤਨੇ ਹੀ ਮਤਰੂਕ-ਉਲ-ਅਮਲ ਲਫ਼ਜ਼ ਹੋਰਵੇਂ ਹੀ ਲਿਖੇ ਦੇਖਣ ਵਿਚ ਆਉਂਦੇ ਹਨ। ਜਿਵੇਂ—ਨਬਿਸ਼ਤਨ, ਨਵਿਸ਼ਤਨ; ਅਸਪ, ਅਸਬ; ਜ਼ਰਦੁਸ਼ਤ, ਜ਼ਰਤੁਸ਼ਤ; ਕਲਗੀ, ਕਲਗੀ; ਗਲੋਲਾ, ਗ਼ਲੋਲਾ; ਪੰਜਾਬ, ਫ਼ੰਜਾਬ ਆਦਿ। ਇਸੇ ਤਰ੍ਹਾਂ ਕੁਝ ਫ਼ਾਰਸੀ ਸ਼ਬਦ ਅਰਬੀ ਦੇ ਪ੍ਰਭਾਵ ਹੇਠ ਆ ਕੇ ਸ਼ਕਲਾਂ ਵਟਾ ਗਏ ਹਨ, ਜਿਵੇਂ—ਪਿਰੋਜ਼, ਫ਼ੀਰੋਜ਼; ਪਾਰਸੀ, ਫ਼ਾਰਸੀ; ਚੀਨ, ਸੀਨ; ਇਤੀਬ, ਇਤਾਬ; ਕਤੇਬ, ਕਿਤਾਬ, ਆਦਿ। ਪੰਜਾਬੀ ਵਿਚ ਵੀ ਸੰਸਕ੍ਰਿਤ, ਪਰਾਕ੍ਰਿਤ, ਅਪ੍ਰਭ੍ਰੰਸ਼, ਅਰਬੀ, ਫ਼ਾਰਸੀ ਆਦਿ ਬੋਲੀਆਂ ਵਿਚੋਂ ਬਦਲ ਕੇ ਆਏ ਅਜਿਹੇ ਸ਼ਬਦਾਂ ਦੀ ਕਮੀ ਨਹੀਂ ਹੈ। ਇਸੇ ਤਰ੍ਹਾਂ ਅੰਗ੍ਰੇਜ਼ੀ ਵਿਚੋਂ ਵੀ ਮੁਸਲਿਨ ਦੀ ਥਾਵੇਂ ਮਲਮਲ, ਲਾਰਡ ਦੀ ਥਾਵੇਂ ਲਾਟ, ਬੋਟਲ ਦੀ ਥਾਵੇਂ ਬੋਤਲ, ਲੈਨਟਰਨ ਦੀ ਥਾਵੇਂ ਲਾਲਟੈਣ, ਲੈਂਪ ਦੀ ਥਾਵੇਂ ਲੰਪ, ਸਟੇਸ਼ਨ ਦੀ ਥਾਵੇਂ ਟੇਸਣ ਆਦਿ ਅਨੇਕਾਂ ਸ਼ਬਦ ਪੰਜਾਬੀ ਵਿਚ ਆਏ ਹਨ।

ਪਰ ਇਸ ਤੋਂ ਇਹ ਮਤਲਬ ਨਹੀਂ ਕਿ ਅਜਿਹੇ ਸ਼ਬਦ ਗ਼ਲਤ-ਫਲਤ ਰੂਪ ਵਿਚ ਹੀ ਲਏ ਜਾਣ ਜਾਂ ਜੋ ਸ਼ਬਦ ਸਾਂਗੋਪਾਂਗ ਬਦਲ ਕੇ ਪੰਜਾਬੀਅਤ ਦੀ ਸ਼ਕਲ ਹੀ ਅਖ਼ਤਿਆਰ ਕਰ ਗਏ ਹਨ, ਜਿਵੇਂ—ਲਾਲਟੈਣ, ਲਾਟ ਆਦਿ ਉਨ੍ਹਾਂ ਨੂੰ ਪ੍ਰਵਾਨ ਹੀ ਨਾ ਕੀਤਾ ਜਾਵੇ। ਏਕਣ ਤਾਂ ਪੰਜਾਬੀ ਵਿਚ ਪ੍ਰਾਕ੍ਰਿਤ, ਅਪ੍ਰਭ੍ਰੰਸ਼ ਆਦਿ ਬੋਲੀਆਂ ਵਿਚੋਂ ਹੋਰ ਵੀ ਸੈਂਕੜੇ ਸ਼ਬਦ ਆਏ ਹਨ, ਜੋ ਪ੍ਰਵਾਨ ਕੀਤੇ ਜਾਂਦੇ ਰਹੇ ਹਨ, ਫਿਰ ਇਹ ਲੇਣ-ਦੇਣ ਬੰਦ ਕਿਉਂ ਹੋਵੇ, ਪਰ ਲੇਣ-ਦੇਣ ਇਸ ਸ਼ਰਤ ਤੇ ਹੋਵੇ ਕਿ ਅਜਿਹੇ ਬਾਹਰੋਂ ਆਏ ਸ਼ਬਦਾਂ ਦੀ ਬਣਤਰ ਮੱਯਾਰ ਤੋਂ ਬਾਹਰ ਜਾਂ ਬੇਹੂਦਾ ਨਾ ਹੋਵੇ। ਪੰਜਾਬੀ ਦੇ ਮੌਜੂਦਾ ਸਾਹਿੱਤਕਾਰ, ਜਿੱਥੋਂ ਤਕ ਮੇਰਾ ਤਜਰਬਾ ਹੈ, ਇਸ ਨੇਮ ਨੂੰ ਆਪਣਾ ਫ਼ਰਜ਼ ਸਮਝ ਕੇ ਅਪਣਾ ਨਹੀਂ ਰਹੇ। ਪ੍ਰਮਾਣ ਦੇ ਤੌਰ ਤੇ ਪਹਿਲਾਂ ਸੁਰਿੰਦਰ ਸਿੰਘ ਕੋਹਲੀ ਦਾ ਪੰਜਾਬੀ ਸਾਹਿੱਤ ਦਾ ਇਤਿਹਾਸ ਹੀ ਲਓ। ਉਹ ਸਿੱਧਾਂ ਦੇ ਨਾਮ ਜੜ੍ਹ ਭਰਤ, ਹਰੀਸ਼ ਚੰਦ੍ਰ ਆਦਿ ਗ਼ਲਤ ਦਿੰਦਾ ਹੋਇਆ ਖਟ ਚਕ੍ਰਾਂ ਵਿਚੋਂ ਵਿਸ਼ੁੱਧ ਚਕ੍ਰ ਦਾ ਨਾਮ 'ਵਿਸ਼ਦ੍ਵਾਖਯ ਚਕ੍ਰ' ਗ਼ਲਤ ਲਿਖ ਗਿਆ ਹੈ। ਇਸੇ ਤਰ੍ਹਾਂ ਚੋਟੀ ਦਾ



Sri Satguru Jagjit Singh Ji eLibrary NamdhariElibrary@gmail.com

ਲਿਖਾਰੀ ਸ: ਗੁਰਬਖਸ਼ ਸਿੰਘ ਪ੍ਰੀਤਲੜੀ "ਏਸ਼ੀਆ ਦਾ ਚਾਨਣ" (੧੯੪੬) ਵਿਚ ਯਗਯ ਨੂੰ ਯਜਨਾ, ਸਕ੍ਰ ਨੂੰ ਸਾਕਰ, ਅਭਿਗਯਾ ਨੂੰ ਅਭਿਜਨਾ (ਤੇ ਫੇਰ ਸਾਡੇ ਭਗਵਾਨ ਨੂੰ ਅਭਿਜਨਾ ਦੀ ਪ੍ਰਾਪਤੀ ਹੋਈ...ਸਫ਼ਾ ੧੩੯), ਕੌਂਡਿਨਯ ਨੂੰ ਕੌਂਦਿਨਯ ਤੇ ਬਾਸਵ ਨੂੰ ਬਸਾਵਾ ਲਿਖਦਾ ਹੈ। ਇਹ ਗ਼ਲਤੀ ਉਸ ਤੋਂ Light of Asia ਦਾ ਅਨੁਵਾਦ ਕਰਦਿਆਂ ਰੋਮਨ ਲਿਪੀ ਲਿਖਿਤ ਸੰਸਕ੍ਰਿਤ ਸ਼ਬਦ Yajna (यज्ञ,) Abhijna (अभिज्ञा) ਆਦਿ ਨੂੰ ਗਲਤ ਤਰੀਕੇ ਨਾਲ ਉਲਟਾਉਣ ਕਰ ਕੇ ਹੀ ਹੋਈ ਹੈ। ਜੇ ਪਤਾ ਹੁੰਦਾ ਕਿ ਸੰਸਕ੍ਰਿਤ ਵਿਚ 'ਜ' ਤੇ 'ਞ' ਮਿਲ ਕੇ 'ਗਯ' (ज्ञ) ਇਸ ਤਰ੍ਹਾਂ ਬਣਦਾ ਹੈ ਤੇ ਉਸ ਦੀ ਆਵਾਜ਼ 'ਜਨ' ਦੀ ਤਰ੍ਹਾਂ ਨਹੀਂ, ਸਗੋਂ 'ਗਯ' ਦੀ ਤਰ੍ਹਾਂ ਹੁੰਦੀ ਹੈ ਤਾਂ ਇਹ ਗ਼ਲਤੀ ਹੋਣੀ ਸੰਭਵ ਨਹੀਂ ਸੀ। ਪਰ ਇਹ ਗ਼ਲਤੀ ਕੇਵਲ ਸ: ਗੁਰਬਖਸ਼ ਸਿੰਘ ਤੋਂ ਹੀ ਨਹੀਂ, ਹੋਰ ਪੰਜਾਬੀ ਲਿਖਾਰੀਆਂ ਤੋਂ ਵੀ ਹੁੰਦੀ ਰਹਿੰਦੀ ਹੈ। ਜਿਵੇਂ—ਕਈ ਪ੍ਰਾਗੰਯ ਨੂੰ ਪ੍ਰਜਨਾ ਤੇ ਵਿ ਵੇਕਾਨੰਦ ਦੇ ਗਯ਼ਾਨ ਯੋਗ ਨੂੰ ਜਨਾਨਾ ਯੋਗ ਹੀ ਲਿਖਦੇ ਹੀ ਰਹਿੰਦੇ ਹਨ। ਭਵਿਖ ਵਿਚ ਇਹ ਗ਼ਲਤ ਤਰੀਕਾ, ਜੋ ਸ਼ਬਦ-ਸਿਰਜਨ ਦੇ ਰਾਹ ਵਿਚ ਔਕੜ ਹੈ, ਦੂਰ ਹੋਣਾ ਚਾਹੀਦੇ।

(੮)

ਇਹ ਤਾਂ ਹੋਏ ਸਾਡੇ ਪੰਜਾਬੀ ਅਨੁਵਾਦਕਾਂ ਜਾਂ ਲਿਖਾਰੀਆਂ ਦੇ ਲਫ਼ਜ਼ੀ ਨੁਕਸ, ਹੁਣ ਬਾਕੀ ਰਹੀਆਂ ਨਵੀਆਂ ਪੁਰਾਣੀਆਂ ਸੰਕੇਤ ਸ਼ਬਦਾਵਲੀਆਂ ਤੇ ਉਨ੍ਹਾਂ ਦੀ ਘਾੜਤ ਦਾ ਸਵਾਲ। ਜਿਨ੍ਹਾਂ ਸਜਣਾਂ ਨੇ ਪਾਨਿਨੀ ਦਾ ਸੰਸਕ੍ਰਿਤ ਵਿਆਕਰਣ ਪੜ੍ਹਿਆ ਹੈ, ਉਹ ਜਾਣਦੇ ਹਨ ਕਿ ਸਾਡੇ ਦੇਸ਼ ਵਿਚ ਕੁਝ ਸ਼ਬਦ-ਸ਼ਾਸਤ੍ਰ ਦੇ ਸੰਕੇਤ ਪਹਿਲਾਂ ਤੋਂ ਹੀ ਪ੍ਰਚਲਿਤ ਸਨ, ਜਿਵੇਂ—

ਅਕ੍—ਅ ਇ ਉ ਣ ਰੀ ਲ੍ਰਿ ਕ੍ਰ ਕ੍।
ਅਣ੍—ਅ ਇ ਉ ਣ ਤ।
ਅਚ—ਅ ਇ ਉ ਰਿ ਲ੍ਰਿ ਏ ਐ ਔ ਆਦਿ ਪ੍ਰਤਯਾਹਾਰ।

ਸ੍ਰੀ ਕਮਿਲ ਦੇਵ ਦ੍ਵਿਵੇਦੀ ਦੇ ਕਥਨ ਅਨੁਸਾਰ ਗੁਪਤ ਕਾਲ ਦੇ ਸ਼ਿਲਾ ਲੇਖਾਂ ਵਿਚੋਂ ਵੀ ਅਜਿਹੇ ਸ਼ਬਦ-ਸੰਕੇਤਾਂ ਦੇ ਕੁਝ ਉਦਾਹਰਣ ਮਿਲਦੇ ਹਨ। ਜਿਵੇਂ—ਵਦੀ ਤੇ ਸੁਦੀ ਨਾਮਕ ਮਹੀਨੇ ਦੇ ਦੋਵੇਂ ਪੱਖ "ਬਹੁਲ ਪਖਸ਼ ਦਿਵਸ" ਤੇ "ਸ਼ੁਕਲ ਪਖਸ਼ ਦਿਵਸ" ਦੇ ਲਕੀਰਾਂ ਵਾਲੇ ਅੱਖਰਾਂ ਨੂੰ ਮਿਲਾ ਕੇ ਬਣੇ ਹਨ। (ਦੇਖੋ, ਅਰਥ ਵਿਗਯਾਨ ਔਰ ਵਯਾਕਰਣ ਦਰਸ਼ਨ, ੧੨੭) ਜੇ ਇਨ੍ਹਾਂ ਸ਼ਬਦਾਂ ਦੀ ਰੌਸ਼ਨੀ ਵਿਚ ਪੜਤਾਲ ਕੀਤੀ ਜਾਵੇ ਤਾਂ ਫੇਰ ਵਰਤਮਾਨ ਸਮੇਂ ਵਿਚ ਪੈਪਸੂ (ਪਟਿਆਲਾ ਐਂਡ ਈਸਟ ਪੰਜਾਬ ਸਟੇਟਸ ਯੂਨੀਅਨ ਦਾ ਸੰਖੇਪ) ਅਤੇ ਯੂਨੈਸਕੋ (United Nations etc. ਦਾ ਸੰਖੇਪ) ਇਹ ਦੋਵੇਂ ਸ਼ਬਦ ਕਿਵੇਂ ਬਣੇ, ਇਸ ਗੱਲ ਦਾ ਰਹੱਸ ਸਹਿਜੇ ਹੀ ਸਮਝ ਵਿਚ



Sri Satguru Jagjit Singh Ji eLibrary NamdhariElibrary@gmail.com

ਆ ਜਾਵੇਗਾ । ਅਸਲ ਵਿਚ ਸੰਸਕ੍ਰਿਤ ਦੇ ਸੂਤ੍ਰ ਗ੍ਰੰਥਾਂ ਦੀ ਰੀਸੋ ਰੀਸ ਭਾਰਤ ਵਿਚ ਅਜਿਹੇ ਸੰਕੇਤ ਆਦਿ ਕਾਲ ਤੋਂ ਬਣਦੇ ਹੀ ਚਲੇ ਆਏ ਹਨ, ਜਿਵੇਂ ਕਿ ਸੰਸਕ੍ਰਿਤ ਅਖੌਤਾਂ ਵਿਚੋਂ ਇਕ ਅਜਿਹੇ ਹੀ ਸੰਕੇਤੀ ਸ਼ਬਦ 'ਅਪ੍ਰਸ਼ਿਖ' ਦਾ ਉਦਾਹਰਣ ਮਿਲਦਾ ਹੈ। ਇਹ ਸੰਕੇਤ ਕਿਸੇ ਕਵੀ ਨੇ, ਜੋ ਆਪਣੇ ਹੀ ਲਾਲਚੀ ਦੋਸਤ ਦੇ ਹੱਥੋਂ ਕਤਲ ਹੋ ਰਹਿਆ ਸੀ, ਸੰਦੇਸ਼ ਦੀ ਸ਼ਕਲ ਵਿਚ ਆਪਣੀ ਮਾਤਾ ਪਾਸ ਭੇਜਿਆ ਸੀ। ਅਗੇ ਇਸ ਨੂੰ ਵਾਚ ਕੇ ਅਰਥ ਦੱਸਣ ਵਾਲਾ ਵੀ ਉਤਨਾ ਹੀ ਅੱਛਾ ਵਿਦਵਾਨ ਸੀ ਜਿਸ ਕਰਕੇ ਉਹ ਕਾਤਲ, ਜਿਸ ਨੇ ਆਪਣੇ ਦੋਸਤ ਨੂੰ ਮਾਰਿਆ ਸੀ, ਪਤਾ ਲੱਗਣ ਤੇ ਫੜਿਆ ਗਇਆ ਤੇ ਸਜ਼ਾ ਦਾ ਭਾਗੀ ਬਣਿਆ। ਉਸ ਸੰਕੇਤੀ ਸ਼ਬਦ ਦੇ ਅੱਖਰ ਜੋੜ ਕੇ ਜੋ ਸ਼ਲੋਕ ਬਣਿਆ ਉਹ ਇਹ ਹੈ—

ਅਨੇ ਨ ਤਵ ਪੁਤ੍ਰਸਯ ਪ੍ਰਸੁਪਤਸਯ ਵਨਾਂਤਰੇ ।
ਸ਼ਿਖਾਮਾਰੁਹਯ ਪਾਦੇਨ ਖੜਗੇਨ ਨਿਹਤ: ਸ਼ਿਰ: ।

ਅਰਥਾਤ—ਇਮ ਕਾਤਲ ਨੇ ਤੇਰੇ ਪੁਤ੍ਰ ਦਾ, ਜੋ ਜੰਗਲ ਵਿਚ ਸੌਂ ਰਹਿਆ ਸੀ, ਚੋਟੀ ਉਤੇ ਪੈਰ ਰੱਖ ਕੇ ਤਲਵਾਰ ਨਾਲ ਸ਼ਿਰ ਕੱਟ ਦਿੱਤਾ ਹੈ।

ਪੰਜਾਬੀ ਵਿਚ ਵੀ ਇਹ ਸੰਕੇਤੀ ਸ਼ਬਦ ਬਣਾਣ ਦੀ ਪ੍ਰਵ੍ਰਿਤੀ ਸੰਸਕ੍ਰਿਤ ਦੀ ਰੀਸੋ ਰੀਸ ਅਜੇ ਤਕ ਪਾਈ ਜਾਂਦੀ ਹੈ, ਜਿਵੇਂ—ਕੇਹਰ ਸਿੰਘ 'ਕਸ' (ਮਲਾਇਆ), ਜਸਵੰਤ ਸਿੰਘ ਜਸ (ਜਲੰਧਰ) ਦੇ 'ਕਸ' ਤੇ 'ਜਸ' ਸ਼ਬਦ, ਜੋ ਇਨ੍ਹਾਂ ਨਾਮਾਂ ਦੇ ਹੀ ਸੰਖੇਪ ਹਨ, ਦੇਖਣ ਵਿਚ ਆਉਂਦੇ ਹਨ। ਪਰ ਜੇ ਕੋਈ 'ਭ' ਅੱਖਰ ਦੇ ਨਾਂ ਵਾਲਾ ਸਿੰਘ ਵੀ ਇਸੇ ਤਰ੍ਹਾਂ 'ਭਸ' ਸੰਕੇਤ ਘੜ ਕੇ ਆਪਣੇ ਨਾਂ ਦੇ ਨਾਲ ਜੋੜ ਲਵੇ ਤਾਂ ਉਹ ਹਾਸੋ ਹੀਣਾ ਹੋਵੇਗਾ।

ਅਜ ਕਲ ਦੇ ਸ਼ਬਦ-ਸੰਕੇਤ, ਜੋ ਦੇਸ਼ ਦੇ ਆਜ਼ਾਦ ਹੋਣ ਤੇ ਅੰਗ੍ਰੇਜ਼ੀ ਦੀ ਥਾਵੇਂ ਹਿੰਦੀ-ਪੰਜਾਬੀ ਆਦਿ ਨੂੰ ਪ੍ਰਧਾਨਤਾ ਦੇਣ ਲਈ, ਸਾਡੇ ਵਿਦਵਾਨਾਂ ਨੇ ਜਤਨ ਕਰ ਕੇ ਤਿਆਰ ਕੀਤੇ ਹਨ, ਸ਼ਬਦ ਸਿਰਜਨ ਦੀ ਸਮੱਸਿਆ ਨਾਲ ਖ਼ਾਸ ਤੌਰ ਤੇ ਗਹਿਰਾ ਸੰਬੰਧ ਰਖਦੇ ਹਨ। ਪ੍ਰਿੰਸੀਪਲ ਤੇਜਾ ਸਿੰਘ ਜੀ ਸੁਰਗਵਾਸੀ, ਜੋ ਇਸ ਮੁਹਿਮ ਦੇ ਮੋਢੀ ਤੇ ਸੰਚਾਲਕ ਸਨ, ਆਪਣੀ ਪੁਸਤਕ "ਪੰਜਾਬੀ ਕਿਵੇਂ ਲਿਖੀਏ ?" ਦੇ ਅੰਤ ਵਿਚ ਇਕ ਸੰਕੇਤਕਾਰ ਦੇ ਰੂਪ ਵਿਚ ਚੰਗੇ ਉਘੜਦੇ ਹਨ। ਇਸੇ ਤਰ੍ਹਾਂ ਪ੍ਰੋ: ਸੰਤ ਸਿੰਘ ਸੇਖੋਂ, ਤੇ ਸ. ਭਗਤ ਸਿੰਘ ਆਦਿ ਨੇ ਵੀ ਆਪਣੀਆਂ ਪੁਸਤਕਾਂ 'ਸਾਹਿਤਿਆਰਥ' ਤੇ 'ਅੰਗ੍ਰੇਜ਼ੀ-ਪੰਜਾਬੀ ਕਾਨੂਨੀ ਕੋਸ਼' ਵਿਚ ਕੁਝ ਅਜਿਹੇ ਸ਼ਬਦ-ਸੰਕੇਤ, ਜੋ ਅੰਗ੍ਰੇਜ਼ੀ ਟਰਮਾਂ ਦੇ ਹੀ ਅਨੁਵਾਦ ਹਨ, ਦਿੱਤੇ ਹਨ। ਪਰ Bookworm (ਕਿਤਾਬੀ ਕੀੜਾ) ਦੀ ਥਾਵੇਂ ਘੋਟੂ, Criticism (ਆਲੋਚਨਾ) ਦੀ ਥਾਵੇਂ ਪੜਚੋਲ, Addenda ਤੇ Appendix ਦੀ ਥਾਵੇਂ ਇਕੋ ਸੰਕੇਤ ਜ਼ਮੀਮਾ, Archeology (ਪੁਤਾਤਤ੍ਵ) ਦੀ ਥਾਵੇਂ ਪੁਰਾ ਖੋਜ,



Sri Satguru Jagjit Singh Ji eLibrary NamdhariElibrary@gmail.com

ਖੁਰਾ ਥੇਹ, ਥੇਹ ਵਿਗਿਆਨ, ਪੁਰਾ ਸਾਰੀ ਵਿਦਿਆ, Archives ਦੀ ਥਾਂਵੇਂ ਇਤਿਹਾਸਕ ਲਿਖਤਾਂ, ਪੁਰਾਣੀਆਂ ਲਿਖਤਾਂ, ਕੰਪਾਜ਼ੀਟਰ ਦੀ ਥਾਂਵੇਂ ਜੋੜਕਾਰ, ਸਾਈਕਲੋ-ਸਟਾਈਲ ਦੀ ਥਾਂਵੇਂ ਭੜਥੂ ਛਾਪ, ਕਯੂਨੀਫਾਰਮ (ਕੀਲਾਖਰ) ਦੀ ਥਾਂਵੇਂ ਚਪਰ ਲਿਖਤ ਜਾਂ ਚਪਰੇਲਾ, ਪ੍ਰੋਗ੍ਰੈਸਿਵ (ਅਗਾਂਹ-ਵਧੂ) ਦੀ ਥਾਂਵੇਂ ਅਗਰਗਾਮੀ, ਰੈਟਰੋਗ੍ਰੈਸਿਵ (ਪਿਛਾਂਹ-ਖਿੱਚੂ) ਦੀ ਥਾਂਵੇਂ ਪਰਤਗਾਮੀ (ਅਗਰਗਾਮੀ ਦਾ ਉਲਟ) ਆਦਿ ਸ਼ਬਦ-ਸੰਕੇਤ, ਜਿਨ੍ਹਾਂ ਵਿਚ ਇਕਸਾਰਤਾ ਦੀ ਅਣਹੋਂਦ ਹੈ, ਕਿਵੇਂ ਠੀਕ ਹਨ ਤੇ ਉਹ ਵੀ ਇਕ ਸ਼ਬਦ ਦੇ ਇਕੋ ਜਿਹੇ ਬਹੁਤੇ ਸੰਕੇਤ, ਇਹ ਜ਼ਰਾ ਗੰਭੀਰਤਾ ਨਾਲ ਸੋਚਣ ਵਾਲੀ ਗੱਲ ਹੈ।

ਮੇਰੀ ਜਾਂਚੇ ਸ਼ਬਦ-ਸੰਕੇਤ ਉਹੋ ਠੀਕ ਹੁੰਦੇ ਹਨ ਜੋ ਅਨੁਵਾਦ ਰੂਪ ਉਸਾਰੀ ਕਰਦਿਆਂ ਕਿਸੇ ਵੀ ਇਬਾਰਤ ਵਿਚ ਚੰਗੀ ਤਰ੍ਹਾਂ ਫ਼ਿਟ ਆ ਸਕਣ। ਉਹ ਸ਼ਬਦ-ਸੰਕੇਤ ਪੂਰੇ ਪੂਰੇ ਸਾਰਥਕ ਤੇ ਕਿਸੇ ਇਕ ਮਜ਼ਮੂਨ ਲਈ ਇਕੋ ਅਰਥ ਰੱਖਣ ਵਾਲੇ ਹੋਣੇ ਹੋਰ ਵੀ ਜ਼ਰੂਰੀ ਹਨ। ਜੋ ਸ਼ਬਦ-ਸੰਕੇਤ ਦੁਅਰਥੇ, ਅਨੇਕ-ਅਰਥੇ ਅਥਵਾ ਨਿਰਾਰਥਕ ਜਾਂ ਸੰਦੇਹ ਜਨਕ ਹੋਣ ਤੇ ਭੱਠੇ ਦੀਆਂ ਤਿੜਕ ਇੱਟਾਂ ਵਾਂਗੂ ਕੰਧ ਦੀ ਉਸਾਰੀ ਵਿਚ ਨੁਕਸ ਪੈਦਾ ਕਰ ਦੇਣ ਉਨ੍ਹਾਂ ਤੋਂ ਕਿਸੇ ਵੀ ਕਾਰੀਗਰ ਦੀ ਬਣਾਈ ਹੋਈ ਇਮਾਰਤ ਹੁਨਰੀ ਕਿਰਤ ਨਹੀਂ ਕਹੀ ਜਾ ਸਕਦੀ। ਜਿਵੇਂ—ਪ੍ਰਮਾਣ ਵਜੋਂ ਮੈਂ ਏਥੇ ਪੰਜਾਬ ਸਟੇਟਾਂ ਅਰਕਾਈਵਜ਼ ਮੋਤੀ ਬਾਗ਼ ਪਟਿਆਲਾ ਦੇ ਫੱਟੇ ਦੀ ਇਕ ਲਿਖਤ ਪੇਸ਼ ਕਰਦਾ ਹਾਂ। ਉਸ ਈ ਪੰਜਾਬੀ ਲਿਖਤ ਹੈ—"ਪੰਜ਼ਾਬ ਰਾਜ ਪੁਰਾ ਲੇਖ ਭਵਨ" ਅਰਥਾਤ ਪੰਜਾਬ ਦੇ ਰਾਜ (ਰਿਆਸਤ) ਦੇ ਪੁਰਾਣੇ ਲੇਖਾਂ (ਲਿਖਤਾਂ) ਦਾ ਘਰ, ਪਰ ਪੜ੍ਹਨ ਵਾਲੇ ਨੂੰ ਭੁਲੇਖਾ ਲਗਦਾ ਹੈ ਰਾਜ ਪੁਰਾ (ਪਟਿਆਲਾ ਦੇ ਨੇੜੇ) ਦੀਆਂ ਲਿਖਤਾਂ ਦਾ ਭਵਨ ਅਥਵਾ ਘਰ। ਇਸ ਲਈ ਇਸ ਨਵੀਂ ਸ਼ਬਦ-ਸ੍ਰਿਸ਼ਟੀ ਵਲ ਜੇ ਪੰਜਾਬੀ ਦੇ ਲਿਖਾਰੀ ਉਚੇਚੇ ਤੌਰ ਤੇ ਧਿਆਨ ਦੇਣ ਤਾਂ ਇਹ ਭਵਿੱਖ ਵਿਚ ਸਾਡੇ ਲਈ ਹੋਰ ਵੀ ਵਡੇ ਮਾਣ ਵਾਲੀ ਗੱਲ ਹੋਵੇਗੀ।



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com